ਮਾਸਿਕ ੴ ਪੱਤਰ
ਵਾਹਿਗੁਰੂ ਜੀ ਕੀ ਫ਼ਤਹਿ॥
ਸੂਰਾ
ਲੁਧਿਆਣਾ

MONTHLY SURA LUDHIANA

# ਸਾਝ ਕਰੀਜੈ ਗੁਣਹ ਕੇਰੀ ਛੋਡਿ ਅਵਗਣ ਚਲੀਐ

(Get into the partnership of "merits" and go on discarding demerits)

May 99 ਮਈ ੯੯

www.AKJ.Org

# ਗੁਰਸਿਖ ਮੀਤ ਚਲਹੁ ਗੁਰ ਚਾਲੀ

## ਤਤਕਰਾ


| | | | |
|---|---|---|---|
| ੧.ਜਿਨ ਜਪਿਆ ਤਿਨ ਹੀ ਸੁਖ ਪਾਇਆ | ੧. | ੯.ਰੱਬ ਇਕ ਤਾਂ ਗੁਰੂ ਵੀ ਇਕ | ੧੬. |
| ੨.ਕੁਰਸੀ ਸੰਭਾਲ ਸਿੰਘਾ (ਕਵਿਤਾ) | ੩. | ੧੦.ਸਿੱਖੀ ਦੀ ਫੀਸ | ੧੮. |
| ੩.ਸਿੱਖਾਂ ਦਾ ਆਦਰਸ਼ ਗੁਣਾਂ ਦੀ ਸਾਝ ਹੈ | ੪. | ੧੧.ਉਤਮ ਪੁਰਸ਼ | ੧੯. |
| ੪.ਗੁੱਤਾਂ ਨੂੰ ਛੱਡੋ ਭੈਣੋ (ਕਵਿਤਾ) | ੧੦. | ੧੨.ਸਿੱਖੀ ਵਿਚ ਸਮਾਜਵਾਦ | ੨੬. |
| ੫.ਅੰਡਿਆਂ ਤੋਂ ਦਿਲ ਦਾ ਰੋਗ | ੧੧. | ੧੩.ਰੂਹਾਨੀ ਡਾਇਰੀ ਦਾ ਇਕ ਵਰਕਾ | ੩੧ |
| ੬.ਸਿੰਘ ਜੀ ਕੁਝ ਹੋਸ਼ ਕਰੋ (ਕਵਿਤਾ) | ੧੨. | ੧੪.ਸਮੂਹ ਸੰਗਤ ਦੇ ਧਿਆਨ ਹਿਤ | ੩੨. |
| ੭.ਚਾਹ-ਲਾਭਦਾਇਕ ਕਿ ਨੁਕਸਾਨਦਾਇਕ | ੧੩. | ੧੫.ਕਰਮ ਫਿਲਾਸਫੀ | ੩੪. |
| ੮.ਗੁਰੂ ਦਰਬਾਰ ਦੀ ਹਾਜ਼ਰੀ ਸਮੇਂ ਪਹਿਰਾਵਾ | ੧੫. | | |


## ਗੁਰਪੁਰਬ ਤੇ ਇਤਿਹਾਸਕ ਦਿਹਾੜੇ

| | |
|---|---|
| ਪ੍ਰਕਾਸ਼ ਪਾਤਸ਼ਾਹੀ ਪੰਜਵੀਂ | ੨ ਮਈ |
| ਜਨਮ ਦਿਨ ਸਾਹਿਬਜ਼ਾਦਾ ਅਜੀਤ ਸਿੰਘ ਜੀ | ੫ ਮਈ |
| ਪ੍ਰਕਾਸ਼ ਪਾਤਸ਼ਾਹੀ ਤੀਜੀ | ੨੩ ਮਈ |

## ਸੂਰਾ ਪੱਤਰ ਦੇ ਚੰਦਿਆਂ ਵਿਚ ਵਾਧਾ

'ਸੂਰਾ ਮਾਸਿਕ ਪੱਤਰ ਪਿਛਲੇ ਕਾਫ਼ੀ ਸਮੇਂ ਤੋਂ ਗੁਰਮਤਿ ਪ੍ਰਚਾਰ ਨੂੰ ਮੁਖ ਰੱਖਦਿਆਂ ਲਾਗਤ ਕੀਮਤ ਤੋਂ ਕਾਫ਼ੀ ਘੱਟ ਭੇਟਾ ਤੇ ਸੰਗਤਾਂ ਨੂੰ ਭੇਜਿਆ ਜਾ ਰਿਹਾ ਹੈ। ਪਿਛਲੇ ਸਮੇਂ ਲਾਗਤਾਂ ਅਤੇ ਡਾਕ ਖਰਚ ਵੱਧ ਜਾਣ ਦੇ ਬਾਵਜੂਦ ਇਸ ਦਾ ਚੰਦਾ ਨਹੀਂ ਵਧਾਇਆ ਗਿਆ ਸੀ। ਹੁਣ ਮਾਇਕ ਔਕੜਾਂ ਨੂੰ ਮੁੱਖ ਰੱਖਦਿਆਂ ਮਜ਼ਬੂਰ ਹੋ ਕੇ ਸੂਰਾ ਪੱਤਰ ਦੇ ਚੰਦੇ ਵਧਾਉਣ ਦਾ ਫੈਸਲਾ ਲੈਣਾ ਪਿਆ ਹੈ। ਸੋ ਆਸ ਹੈ ਸਮੂਹ ਸੰਗਤਾਂ ਪਹਿਲਾਂ ਵਾਂਗ ਹੀ ਨਿੱਘਾ ਸਹਿਯੋਗ ਦੇ ਕੇ ਸੇਵਾਦਾਰਾਂ ਦਾ ਹੌਂਸਲਾ ਵਧਾਉਂਦੀਆਂ ਰਹਿਣਗੀਆਂ। ਸਾਰੇ ਸਰਕਲਾਂ ਦੇ ਸੇਵਾਦਾਰਾਂ ਪ੍ਰਤੀ ਬੇਨਤੀ ਹੈ ਕਿ ਉਹ ਹੇਠ ਲਿਖੇ ਨਵੇ ਚੰਦਿਆਂ ਅਨੁਸਾਰ ਹੀ ਨਵੇਂ ਪੱਤਰ ਬੁੱਕ ਕਰਨ।

### ਸੂਰਾ ਪੱਤਰ ਦੇ ਸੋਧੇ ਹੋਏ ਚੰਦੇ

| | ਦੇਸ | ਪ੍ਰਦੇਸ | |
|---|---|---|---|
| ਇਕ ਪਰਚਾ | 5ਰੁ: | ਹਵਾਈ ਡਾਕ | ਸਮੁੰਦਰੀ ਡਾਕ |
| ਸਾਲਾਨਾ | 40 ਰੁ: | 400 ਰੁ: | 140 ਰੁ: |
| ਅਮਾਨਤੀ ਲਾਈਫ਼ ਮੈਂਬਰ | 400ਰੁ: | 4000 ਰੁ: | 1400ਰੁ: |

ਚੈਕ/ ਡਰਾਫਟ ਆਦਿ ਸਿਰਫ਼ ਸੂਰਾ ਮੰਥਲੀ, ਲੁਧਿਆਣਾ ਦੇ ਨਾਂ ਹੀ ਕੱਟੇ ਜਾਣ। ਮਨੀਆਰਡਰ ਫਾਰਮਾਂ ਉਤੇ ਸੰਦੇਸ਼ ਵਾਲੀ ਥਾਂ ਆਪਣਾ ਪੂਰਾ ਪਤਾ ਅਤੇ ਮਾਇਆ ਭੇਜਣ ਦਾ ਮਨੋਰਥ ਜ਼ਰੂਰ ਲਿਖੋ ਜੀ।

ਹਰ ਤਰਾਂ ਦਾ ਚੰਦਾ ਜਾਂ ਹੋਰ ਚਿੱਠੀ ਪੱਤਰ ਹੇਠ ਲਿਖੇ ਪਤੇ ਤੇ ਭੇਜੋ ਜੀ :- ਸਬ-ਆਫ਼ਿਸ ਸੂਰਾ, ਗੁ: ਸ੍ਰੀ ਗੁਰੂ ਸਿੰਘ ਸਭਾ, ਨੇੜੇ ਡਾਕਖਾਨਾ ਮਾਡਲ ਟਾਊਨ ਲੁਧਿਆਣਾ।

ਜ਼ਰੂਰੀ ਨੋਟ :- ਦੇਸ ਵਿਦੇਸ ਦੇ ਅਮਾਨਤੀ ਲਾਈਫ਼ ਮੈਂਬਰਾਂ ਪ੍ਰਤੀ ਬੇਨਤੀ ਹੈ ਕਿ ਉਹ ਵਧੇ ਹੋਏ ਚੰਦਿਆਂ ਅਨੁਸਾਰ ਬਕਾਏ ਜਲਦੀ ਤੋਂ ਜਲਦੀ ਜਮਾਂ ਕਰਵਾਉਣ।

ਦਾਸਰਾ ਸੰਪਾਦਕ

## ਫ੍ਰੀ ਲਿਟਰੇਚਰ ਫੰਡ ਵਿੱਚ ਆਪਣਾ ਹਿੱਸਾ ਪਾਓ ਜੀ

ਗੁਰਮਤਿ ਪ੍ਰਚਾਰ ਨੂੰ ਮੁੱਖ ਰੱਖਦਿਆ ਫ੍ਰੀ ਲਿਟਰੇਚਰ ਫੰਡ ਵਿੱਚ ਆਪਣੀ ਕਮਾਈ ਦਾ ਦਸਵੰਧ ਜਮ੍ਹਾ ਕਰਵਾ ਕੇ ਗੁਰੂ ਕੀਆ ਖੁਸ਼ੀਆ ਪ੍ਰਾਪਤ ਕਰੋ ਜੀ।

ਨੋਟ :- ਮਾਇਆ ਸੂਰਾ ਦੇ ਸਬ-ਆਫ਼ਿਸ, ਗੁ: ਸ੍ਰੀ ਗੁਰੂ ਸਿੰਘ ਸਭਾ, ਮਾਡਲ ਟਾਊਨ, ਲੁਧਿਆਣਾ-੯ ਜਾਂ 'ਸੂਰਾ' ਦੇ ਕਿਸੇ ਵੀ ਸਟਾਲ ਤੇ ਜਮ੍ਹਾ ਕਰਵਾ ਕੇ ਰਸੀਦ ਲਵੋ ਜੀ।

ਡਿਜ਼ਾਈਨ ਕਰਾਫਟ ਗਿੱਲ ਰੋੜ ਲੁਧਿਆਣਾ ਤੇ ਛਪਵਾ ਕੇ ਹਰਬੰਸ ਸਿੰਘ ਪ੍ਰਿੰਟਰ ਪਬਲਿਸ਼ਰ ਤੇ ਸੰਪਾਦਕ ਨੇ ਅਖੰਡ ਕੀਰਤਨੀ ਜਥੇ ਵਲੋਂ [illegible] ਭਾਈ ਰਣਧੀਰ ਸਿੰਘ ਨਗਰ, ਲੁਧਿਆਣਾ ਤੋਂ ਪ੍ਰਕਾਸ਼ਤ ਕੀਤਾ।

www.AKJ.Org

ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ ਸੋ ਕਹੀਅਤ ਹੈ ਸੂਰਾ॥

ਜਿਲਦ ੩੩
ਮਈ ੧੯੯੯
ਅੰਕ ੫

# ਸੂਰਾ

SURA MONTHLY

ਅਖੰਡ ਕੀਰਤਨੀ ਜੱਥੇ ਵਲੋਂ
ਨਿਰੋਲ ਗੁਰਮਤਿ ਮਾਸਿਕ ਪੱਤਰ

**ਸਾਲਾਨਾ ਚੰਦਾ** ਦੇਸ : 40 ਰੁ: ਵਿਦੇਸ :ਸਮੁੰਦਰੀ ਡਾਕ......140 ਰੁ: ਹਵਾਈ ਡਾਕ.......400ਰੁ:

**ਅਮਾਨਤੀ ਲਾਈਫ ਮੈਂਬਰਸ਼ਿਪ** ਦੇਸ਼ ੪੦੦ ਰੁ: ਵਿਦੇਸ਼ :ਸਮੁੰਦਰੀ ਡਾਕ...1400ਰੁ: ਹਵਾਈ ਡਾਕ....4,000ਰੁ:

**ਚੰਦਾ ਭੇਜਣ ਦਾ ਪਤਾ** 'ਸੂਰਾ' ਮਾਸਿਕ ਪੱਤਰ, ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ, ਮਾਡਲ ਟਾਊਨ, ਲੁਧਿਆਣਾ - 141002 Tel: 0161-428194 Fax No.91-161-536340,532147 (ਕਾਪੀ ...5.00)

Sura-Internet passward- WWW.SURA-INTERNATIONAL.COM

## ਜਿਨਿ ਜਪਿਆ ਤਿਨ ਹੀ ਸੁਖੁ ਪਾਇਆ

ਅੰਤਰਿ ਉਤਭੁਜੁ ਅਵਰੁ ਨ ਕੋਈ॥ ਜੋ ਕਹੀਐ ਸੋ ਪ੍ਰਭ ਤੇ ਹੋਈ॥
ਜੁਗਹ ਜੁਗੰਤਰਿ ਸਾਹਿਬੁ ਸਚੁ ਸੋਈ॥ ਉਤਪਤਿ ਪਰਲਉ ਅਵਰੁ ਨ ਕੋਈ ॥੧॥
ਐਸਾ ਮੇਰਾ ਠਾਕੁਰੁ ਗਹਿਰ ਗੰਭੀਰੁ॥ ਜਿਨਿ ਜਪਿਆ ਤਿਨ ਹੀ ਸੁਖੁ ਪਾਇਆ
ਹਰਿ ਕੈ ਨਾਮਿ ਨ ਲਗੈ ਜਮ ਤੀਰੁ ॥੧॥ ਰਹਾਉ ॥
ਨਾਮੁ ਰਤਨੁ ਹੀਰਾ ਨਿਰਮੋਲੁ॥ ਸਾਚਾ ਸਾਹਿਬੁ ਅਮਰੁ ਅਤੋਲੁ ॥
ਜਿਹਵਾ ਸੂਚੀ ਸਾਚਾ ਬੋਲੁ ॥ ਘਰਿ ਦਰਿ ਸਾਚਾ ਨਾਹੀ ਰੋਲੁ ॥੨॥
ਇਕਿ ਬਨ ਮਹਿ ਬੈਸਹਿ ਡੂਗਰਿ ਅਸਥਾਨੁ ॥ਨਾਮੁ ਬਿਸਾਰਿ ਪਚਹਿ ਅਭਿਮਾਨੁ ॥
ਨਾਮ ਬਿਨਾ ਕਿਆ ਗਿਆਨ ਧਿਆਨੁ॥ ਗੁਰਮੁਖਿ ਪਾਵਹਿ ਦਰਗਹਿ ਮਾਨੁ ॥੩॥
ਹਠੁ ਅਹੰਕਾਰੁ ਕਰੈ ਨਹੀ ਪਾਵੈ॥ ਪਾਠ ਪੜੈ ਲੇ ਲੋਕ ਸੁਣਾਵੈ॥
ਤੀਰਥਿ ਭਰਮਸਿ ਬਿਆਧਿ ਨ ਜਾਵੈ॥ ਨਾਮ ਬਿਨਾ ਕੈਸੇ ਸੁਖੁ ਪਾਵੈ॥੪॥
ਜਤਨ ਕਰੈ ਬਿੰਦੁ ਕਿਵੈ ਨ ਰਹਾਈ॥ ਮਨੂਆ ਡੋਲੈ ਨਰਕੇ ਪਾਈ ॥
ਜਮਪੁਰਿ ਬਾਧੋ ਲਹੈ ਸਜਾਈ ॥ਬਿਨੁ ਨਾਵੈ ਜੀਉ ਜਲਿ ਬਲਿ ਜਾਈ॥੫॥
ਸਿਧ ਸਾਧਿਕ ਕੇਤੇ ਮੁਨਿ ਦੇਵਾ॥ ਹਠਿ ਨਿਗ੍ਰਹਿ ਨ ਤ੍ਰਿਪਤਾਵਹਿ ਭੇਵਾ॥
ਸਬਦੁ ਵੀਚਾਰਿ ਗਹਹਿ ਗੁਰ ਸੇਵਾ॥ ਮਨਿ ਤਨਿ ਨਿਰਮਲ ਅਭਿਮਾਨ ਅਭੇਵਾ ॥੬॥
ਕਰਮਿ ਮਿਲੈ ਪਾਵੈ ਸਚੁ ਨਾਉ ॥ ਤੁਮ ਸਰਣਾਗਤਿ ਰਹਉ ਸੁਭਾਉ ॥
ਤੁਮ ਤੇ ਉਪਜਿਓ ਭਗਤੀ ਭਾਉ॥ ਜਪੁ ਜਾਪਉ ਗੁਰਮੁਖਿ ਹਰਿ ਨਾਉ ॥੭॥
ਹਉਮੈ ਗਰਬੁ ਜਾਇ ਮਨ ਭੀਨੈ॥ ਝੂਠਿ ਨ ਪਾਵਸਿ ਪਾਖੰਡਿ ਕੀਨੈ॥
ਬਿਨ ਗੁਰਸਬਦ ਨਹੀ ਘਰੁ ਬਾਰੁ॥ਨਾਨਕ ਗੁਰਮੁਖਿ ਤਤੁ ਬੀਚਾਰੁ ॥੮॥੬॥

(ਰਾਮਕਲੀ ਮ: ੧, ਪੰਨਾ ੯੦੫-੦੬)



www.AKJ.Org

ਇਸ ਗੁਰ ਪ੍ਰਮਾਣ ਅੰਦਰਿ ਭੀ ਆਨਮਤ ਕਰਮਾਂ ਦੀ ਨਿਖੇਧੀ ਅਤੇ ਗੁਰਮਤਿ ਕਰਮ ਦਾ ਵਿਧਾਨ ਹੈ। ਨੰਗੇ ਪੈਰੀਂ ਜੰਗਲਾਂ ਪਹਾੜਾਂ ਵਿਚਿ ਭਉਣ ਰਉਣ ਨਾਲਿ, ਵੇਦਾਂ ਪੁਰਾਣਾਂ ਸ਼ਾਸਤ੍ਰਾਂ ਆਦਿ ਆਨਮਤ ਪੁਸਤਕਾ ਦੇ ਪਾਠ ਪੜ੍ਹਨ ਨਾਲਿ, ਤੀਰਥਾਂ ਉਪਰ ਗਵਨ ਕਰਨ ਨਾਲਿ ਯਾ ਤੀਰਥਾਂ ਉਤੇ ਜਾ ਵਸਣ ਨਾਲਿ, ਬੀਰਜ ਨਾ ਪਾਤ ਹੋਣ ਦੇ ਸਾਧਨ ਬਿੰਦ ਰਖਣ ਨਾਲਿ ਅਤੇ ਯੋਗ ਅਭਿਆਸ ਕਰਨ ਨਾਲਿ ਕੁਛ ਨਹੀਂ ਸੌਰਦਾ। ਏਹਨਾਂ ਆਨਮਤ ਪਾਖੰਡ ਕਰਮਾਂ ਦੇ ਥਾਉਂ ਜੇ ਗੁਰਸ਼ਬਦ ਗੁਰਮਤਿ ਨਾਮ ਦੀ ਕਮਾਈ ਕੀਤੀ ਜਾਵੇ ਤਾਂ ਉਕਤ ਕਰਮਾਂ ਤੋਂ ਮਹਾਂ ਸ੍ਰੇਸ਼ਟ ਅਤੇ ਉਤਮ ਹੈ। ਨਿਸਤਾਰਾ ਪਾਰ-ਉਤਾਰਾ ਹੈ ਤਾਂ ਕੇਵਲ ਗੁਰਮਤਿ ਕਰਮ ਦੇ ਕੀਤਿਆਂ ਹੈ, ਹੋਰ ਕਰਮਾਂ ਦੇ ਕੀਤਿਆਂ ਨਹੀਂ। ਹੁਣ ਉਪਰਲੇ ਗੁਰਸ਼ਬਦ ਦੀ ਵਿਆਖਿਆ ਇਸ ਪ੍ਰਕਾਰ ਹੈ -

ਉਤਭੁਜ ਖਾਣੀ ਦਾ ਮਾਲਕ, ਸਰਬ ਸ੍ਰਿਸ਼ਟੀ ਦੀ ਉਤਪਤੀ ਕਰਨ ਵਾਲਾ ਕਰਤਾ ਪੁਰਖ ਸਭਨਾਂ ਦੇ ਅੰਤਰਿ ਸਗਲ ਘਟਾਂ ਦੇ ਅੰਦਰਿ ਵਸਿ ਰਹਿਆ ਹੈ। ਓਹੀ ਇਕ ਅਕਾਲ ਪੁਰਖ ਹੀ ਵਸਿ ਰਹਿਆ ਹੈ। ਹੋਰ ਕੋਈ ਨਹੀਂ। ਸਰਬ ਵਿਆਪੀ ਪ੍ਰਮਾਤਮਾ ਤੋਂ ਛੁਟ ਹੋਰ ਕੋਈ ਸਰਬ ਘਟਾਂ ਦੇ ਅੰਤਰਿ ਵਸਣਹਾਰਾ ਨਹੀਂ। ਕਹਿਣ ਕਥਨ ਅੰਤਰਿ ਜੋ ਜੋ ਭੀ ਦ੍ਰਿਸ਼ਟਮਾਨ ਰਚਨਾ ਦਾ ਦ੍ਰਿਸ਼ਟਮਾਨ ਪਦਾਰਥ ਹੈ ਸੋ ਪ੍ਰਭੂ ਪ੍ਰਮਾਤਮਾ ਤੋਂ ਹੀ ਹੋਇਆ ਹੈ। ਸਾਰੇ ਜੁਗਾਂ ਜੁਗੰਤਰਾਂ ਵਿਖੇ ਏਕੋ ਸੱਚਾ ਸਾਹਿਬ ਹੀ ਹੁੰਦਾ ਚਲਿਆ ਆਇਆ ਹੈ। ਸ੍ਰਿਸ਼ਟੀ ਦੀ ਉਤਪਤੀ (ਰਚਨਾ) ਕਰਨਹਾਰਾ ਅਤੇ ਸਮੇਟਣਹਾਰਾ ਉਸੇ ਏਕੋ ਕਰਤੇ ਅਕਾਲ ਪੁਰਖ ਤੋਂ ਬਿਨਾਂ ਹੋਰ ਕੋਈ ਨਹੀਂ।

ਓਹ ਸਭਨਾਂ ਦਾ ਸਾਂਝਾ ਸਾਹਿਬ ਐਸਾ ਗਹਿਰ ਗੰਭੀਰ ਠਾਕੁਰ ਹੈ ਕਿ ਜਿਸ ਨੇ ਭੀ ਉਸ ਨੂੰ ਜਪਿਆ ਹੈ ਤਿਸ ਨੇ ਹੀ ਸੱਚਾ ਸਹਿਜ ਸੁਖ ਪਾਇਆ ਹੈ। ਵਾਹਿਗੁਰੂ ਨਾਮ ਜਪਣ ਨਾਲਿ ਜਮ ਦਾ ਤੀਰ ਨਹੀਂ ਲਗਦਾ। ਅਰਥਾਤ ਵਾਹਿਗੁਰੂ ਨਾਮ ਜਪਣਹਾਰਾ ਜਮ ਦੀਆਂ ਚੋਟਾਂ ਨਹੀਂ ਖਾਂਦਾ॥੧॥ ਰਹਾਉ॥

ਨਾਮੁ ਇਕ ਨਿਰਮੋਲਕ ਹੀਰਾ ਰਤਨੁ ਹੈ। ਨਾਮ ਨਾਮੀ ਵਾਹਿਗੁਰੂ ਨਾਲਿ ਅਭੇਦ ਰੂਪ ਹੋਣ ਕਰਕੇ ਨਾਮ ਵਿਚਿ ਰਤਿਆਂ ਸੱਚੇ ਅਮਰ ਅਤੋਲ ਸਾਹਿਬ ਦੇ ਸਰੂਪ ਵਿਚਿ ਸਮਾ ਜਾਈਦਾ ਹੈ। ਉਸ ਜਨ ਦੀ ਜੀਭ ਅੱਤ ਸੁੱਚੀ ਪਾਕ ਪਵਿਤਰ ਹੋ ਜਾਂਦੀ ਹੈ, ਜਿਸ ਨੇ ਨਾਮ ਰੂਪੀ ਸੱਚੇ ਬੋਲ ਨੂੰ ਬੋਲਿਆ ਹੈ, ਸੱਚੇ ਨਾਮ ਜਾਪ ਨੂੰ ਜਪਿਆ ਹੈ। ਉਸ ਦਾ ਸੱਚੇ ਵਾਹਿਗੁਰੂ ਦੇ ਸੁੱਚੇ ਘਰ ਦਰ ਦਰਬਾਰ ਸੱਚਖੰਡ ਵਿਚਿ ਵਾਸਾ ਹੋ ਜਾਂਦਾ ਹੈ। ਉਹ ਫੇਰ ਦਰਿ ਦਰਿ ਰੁਲਦਾ ਨਹੀਂ ਫਿਰਦਾ। ਜਨਮ-ਜੂਨੀਆਂ ਵਿਚਿ ਭਟਕਦਾ ਨਹੀਂ ਫਿਰਦਾ ॥੨॥

ਇਹ ਤਾਂ ਹੈ ਗੁਰਮੁਖ ਨਾਮ ਜਪਣ ਵਾਲਿਆਂ ਦੀ ਉਤਮ ਰੀਤੀ। ਹੁਣ ਲਓ ਆਨਮਤ ਕਰਮ ਅਵਿਲੰਬੀਆਂ ਦੀ ਦੁਰਮਤਿ ਦਸ਼ਾ। ਇਕ ਤਾਂ ਆਨਮਤ ਕਰਮੀ ਐਸੇ ਹਨ ਅਨੇਕਾਂ ਦੀ ਗਿਣਤੀ ਵਿਚਿ, ਬਨਾਂ ਜੰਗਲਾਂ ਡੂੰਗਰ ਅਸਥਾਨਾਂ ਪਹਾੜੀਆਂ ਕੰਦ੍ਰਾਵਾਂ ਵਿਚਿ ਤਪ ਕਰਨ ਜਾਇ ਬਹਿੰਦੇ ਹਨ। ਇਹ ਉਹਨਾਂ ਦਾ ਨਾਮ-ਹੀਣ ਤਪ ਹੁੰਦਾ ਹੈ। ਨਾਮ ਦੀ ਪ੍ਰਾਪਤੀ ਤਾਂ ਉਹਨਾਂ ਨੂੰ ਹੁੰਦੀ ਨਹੀਂ, ਆਪਣੇ ਮਨ-ਹਠ ਕਰਿ ਨਾਮ ਬਿਹੂਣੇ ਹੀ ਮਨ-ਉਕਤ ਤੀ ਕਰਨ ਲਗ ਪੈਂਦੇ ਹਨ। ਪਰ ਨਾਮੋਂ ਸਖਣੇ ਹੋਣ ਕਰਕੇ ਅਭਿਮਾਨ ਅਹੰਕਾਰ ਦੀ ਅਗਨੀ ਵਿਚਿ ਹੀ ਪਚ ਪਚ ਕੇ ਸੜਦੇ ਹਨ। ਤਿਨ੍ਹਾਂ ਦਾ ਮਨ-ਉਕਤੀ ਜਪ ਤਪੁ ਉਕਤੀ ਫੋਕਾ ਗਿਆਨ ਧਿਆਨ ਕਿਸੇ ਕੰਮ ਦਾ ਨਹੀਂ। ਸਚਾ ਗੁਰਮਤਿ ਪ੍ਰਚੰਡ ਗਿਆਨ ਤੇ ਜੋਤੰਡ ਧਿਆਨ ਤਾਂ ਗੁਰਮੁਖਾਂ ਨੂੰ ਹੀ ਗੁਰਮਤਿ ਨਾਮ ਅਭਿਆਸ ਕਮਾਈ ਦੇ ਕੀਤਿਆਂ ਪ੍ਰਾਪਤਿ ਹੁੰਦਾ ਹੈ। ਅਜਿਹੇ ਪ੍ਰਚੰਡ ਗਿਆਨ ਵਾਲੇ ਜੋਤੰਡ ਗਿਆਨ ਦੇ ਧਣੀ ਗੁਰਮੁਖ ਜਨ ਹੀ ਸੱਚੀ ਦਰਗਾਹੇ ਜਾ ਕੇ ਸੱਚੜੀ ਮਾਨ ਪ੍ਰਤਿਸ਼ਟਾ, ਧੁਰ ਦਰਗਾਹੀ ਮਾਨ ਪ੍ਰਤਿਸ਼ਟਾ ਨੂੰ ਪ੍ਰਾਪਤਿ ਹੁੰਦੇ ਹਨ।

ਹਠ ਹੰਕਾਰ ਕਰੇ ਤੇ ਕਿਸੇ ਨੂੰ ਏਸ ਪਦ ਦੀ ਪ੍ਰਾਪਤੀ ਨਹੀਂ ਹੁੰਦੀ। ਭੇਖੀ ਆਨਮਤੀ ਪੁਰਸ਼ ਬੇਦਾਂ ਆਦਿਕ ਆਨਮਤਿ ਪੁਸਤਕਾਂ ਦੇ ਪਾਠ ਪੜ੍ਹ ਪੜ੍ਹ ਕੇ ਲੋਕਾਂ ਨੂੰ ਸੁਣਾਉਂਦੇ ਹਨ, ਪਰ ਆਪ ਨਹੀਂ ਕਮਾਉਂਦੇ। ਪਰ ਕਮਾਉਣ ਨੂੰ ਓਥੇ ਕੀ ਧਰਿਆ ਪਿਆ ਹੈ। ਆਨਮਤ ਪੁਸਤਕਾਂ ਅੰਦਰਿ ਸੱਚੀ ਕਮਾਈ ਕਰਨ ਜੋਗ ਸੱਚੜੇ ਕਰਮ ਦਾ ਤਾਂ ਨਮੂਦ ਮਾਤਰ ਭੀ ਨਹੀਂ ਲਭਦਾ। ਬਸ, ਪਾਠ ਪੜ੍ਹਾਈਆਂ ਪੜ੍ਹਨ ਸੁਣਨਹਾਰਿਆਂ ਦੋਹਾਂ ਦਾ ਹੀ ਅਹੰਕਾਰ ਵਧਦਾ ਹੈ। ਹੋਰ ਉਥੇ ਲਭਦਾ ਕੁਛ ਨਹੀਂ। ਤੀਰਥਾਂ ਤੇ ਭਰਮਿਆਂ ਸਰੀਰ ਦੇਹੀ ਦੇ ਆਧੀਆਂ ਬਿਆਧੀਆਂ ਉਪਾਧੀਆ ਵਾਲੇ ਦੁਖ ਰੋਗ ਨਹੀਂ ਜਾਂਦੇ। ਮਾਨਸਿਕ ਰੋਗ ਤਾਂ ਕੀ ਜਾਣੇ ਸੀ, ਬਸ, ਉਹ ਬਿਚਾਰੇ ਏਤਨੇ ਉਗਰ ਤਪ

ਸਾਧ ਕੇ ਭੀ ਦੁਖੀਏ ਹੀ ਰਹਿੰਦੇ ਹਨ। ਨਾਮ ਬਿਨਾਂ ਸੱਚਾ ਸੁਖ ਉਨ੍ਹਾਂ ਨੂੰ ਕੈਸੇ ਮਿਲ ਸਕਦਾ ਹੈ ਅਤੇ ਕਿਵੇ ਉਹ ਤੱਤ ਅਰਥਾਂ ਵਿਚਿ ਸੁਖੀ ਹੋ ਸਕਦੇ ਹਨ ॥੪॥

ਬਿੰਦ ਰੱਖਣ ਬੀਰਜ ਰੋਕਣ ਦੇ ਜਤਨ ਕੀਤਿਆਂ ਭੀ ਕੋਈ ਬਿੰਦ ਜਤਨ ਭੇਖੀ ਕਾਮ ਚੇਸ਼ਟਾ ਵਾਲੇ ਆਲੂਦੇ ਖ਼ਿਆਲਾਂ ਤੋਂ ਕਿਸੇ ਪ੍ਰਕਾਰ ਭੀ ਬਚ ਨਹੀਂ ਸਕਦਾ। ਮਨੂਆ ਉਸ ਦਾ ਡੋਲਦਾ ਰਹਿੰਦਾ ਹੈ। ਕਾਮ ਦੇ ਰਖਨੇ ਟਟੋਲਦਾ ਰਹਿੰਦਾ ਹੈ। ਬਸ, ਇਹ ਸਭ ਨਰਕ ਜਾਣ ਦਾ ਹੀ ਕੱਚਾ ਦੁਰਾਚਾਰੀ ਸਉਦਾ ਹੈ। ਐਸੇ ਡਿੰਭੀ ਲੋਗ ਸਰਪਰ ਨਰਕਾਂ ਵਿਚ ਹੀ ਜਾਂਦੇ ਹਨ। ਅਤੇ ਜਮ ਪੁਰਿ ਬੱਧੇ ਚੋਟਾਂ ਖਾਂਦੇ ਹਨ। ਨਾਨਾ ਪਰਕਾਰੀ ਸਜ਼ਾਵਾਂ ਪਉਂਦੇ ਹਨ। ਨਾਮ ਬਿਹੂਣੇ ਜੀਵ-ਆਤਮਾ ਦਾ ਅਗੇ ਜਾ ਕੇ ਜਲਨਾ ਬਲਨਾ ਹੀ ਹੁੰਦਾ ਹੈ ॥੫॥

ਅਜਿਹੇ ਹਠ ਜਪਾਂ ਤਪਾਂ ਦੇ ਕਰਨਹਾਰੇ ਅਨੇਕਾਂ ਸਿਧ ਸਾਧਿਕ ਰਿਖੀ ਮੁਨੀ ਦੇਵਤਿਆਂ ਦੇ ਦਲਾਂ ਦੇ ਦਲ ਹਜ਼ਾਰਾਂ ਲਖਾਂ ਕ੍ਰੋੜਾਂ ਦੀ ਗਿਣਤੀ ਵਿਚਿ ਹੀ ਗੁਜ਼ਰੇ ਹਨ। ਹਠ ਨਿਗ੍ਰਿਹ ਵਾਲੇ ਵੇਸ ਭੇਖ ਕਰਮ ਕੀਤਿਆਂ ਉਨ੍ਹਾਂ ਦਾ ਘਰ ਪੂਰਾ ਨਹੀਂ ਹੁੰਦਾ। ਓਹ ਮਨ ਆਤਮਾ ਕਰਕੇ ਤ੍ਰਿਪਤ ਨਹੀਂ ਹੋ ਸਕਦੇ। ਜੋ ਗੁਰਮਤਿ ਨਾਮ ਅਭਿਆਸ ਕਮਾਈ ਰੂਪ ਸਿਮਰਨ ਸੇਵਨ ਕਰਦੇ ਹਨ ਅਤੇ ਗੁਰ-ਦਰਸਾਈ ਸਿਮਰਨ-ਸੇਵਨ ਦੀ ਪ੍ਰੇਮਾ ਭਗਤੀ ਰੂਪੀ ਯੁਕਤੀ ਨਾਲਿ ਕਰਦੇ ਹਨ, ਉਹ ਮਨ ਕਰਕੇ ਭੀ ਤੇ ਤਨ ਕਰਕੇ ਭੀ ਨਿਰਮਲ ਹੋ ਜਾਂਦੇ ਹਨ। ਤਿਨ੍ਹਾਂ ਦੇ ਅਭਿਮਾਨ ਦਾ ਭੀ ਨਮੂਦ ਨਹੀਂ ਰਹਿੰਦਾ, ਉਕਾ ਹੀ ਅਭਾਵ ਹੋ ਜਾਂਦਾ ਹੈ ॥੬॥

ਨਦਰ ਕਰਮ ਦੁਆਰਾ ਹੀ ਸੱਚੇ ਨਾਮ ਦੀ ਪ੍ਰਾਪਤੀ ਅਤੇ ਨਾਮੀ ਪ੍ਰਮਾਤਮਾ ਦਾ ਮੇਲ ਹੁੰਦਾ ਹੈ। ਇਉਂ ਸੁਭਾਵਕ ਹੀ ਵਾਹਿਗੁਰੂ ਦੇ ਚਰਨ ਸਰਨ ਵਿਚਿ ਸਮਾਇ ਰਹਿਣ ਦੀ ਅਪਰ ਅਪਾਰ ਦਸ਼ਾ ਪ੍ਰਾਪਤਿ ਹੋ ਜਾਂਦੀ ਹੈ। ਅਸਲ ਭਗਤੀ ਭਾਉ ਪ੍ਰੀਤਮ ਪ੍ਰਮਾਤਮਾ ਦੇ ਚਰਨ ਸਰਨਿ ਸਮਾਇ ਰਹਿਣ ਵਿਚਿ ਹੀ ਹੈ। ਏਵਡ ਵਡੀ ਚਰਨ-ਸਰਨਾਗਤੀ ਸਮਾਈ ਹੋਣ ਪਰ ਹੀ ਗੁਰਮੁਖ ਜਨ ਗੁਰਮਤਿ ਨਾਮ ਦੇ ਜਾਪ ਦੀ ਅਭਿਆਸ ਕਮਾਈ ਕਰਦੇ ਰਹਿੰਦੇ ਹਨ। ਕਰਨੋ ਰੁਕਦੇ ਨਹੀਂ।

ਨਾਮ-ਰੰਗਾਂ ਵਿਚਿ ਮਨ ਦੇ ਭਿਜਿਆਂ ਹੀ ਹਉਮੈ ਰੋਗ ਜਾਂਦਾ ਹੈ। ਨਾ ਹੀ ਝੂਠ ਦੁਆਰਾ ਅਤੇ ਨਾ ਹੀ ਪਾਖੰਡ ਕੀਤਿਆਂ ਇਹ ਮਾਰਗ ਮਿਲਦਾ ਹੈ। ਗੁਰ-ਸ਼ਬਦ ਦੀ ਕਮਾਈ ਕੀਤੇ ਬਿਨਾਂ ਆਪਣਾ ਨਿਜ ਘਰ-ਬਾਰ, ਸਾਈਂ ਸੱਚੇ ਸਾਹਿਬ ਦਾ ਦਰਬਾਰ ਨਹੀਂ ਮਿਲਦਾ। ਗੁਰੂ ਨਾਨਕ ਦੇ ਘਰ ਦੇ (ਗੁਰੂ ਘਰ ਦੇ) ਗੁਰਮੁਖ ਜਨਾਂ ਨੂੰ ਇਸ ਤੱਤ ਬੀਚਾਰ ਦੀ ਸੋਝੀ ਪੈਂਦੀ ਹੈ। ਤਿਨ੍ਹਾਂ ਨੂੰ ਹੀ ਸੱਚ ਕਰਨੀ ਰੂਪੀ ਤੱਤ ਵੀਚਾਰ ਕਮਾਈ ਪ੍ਰਾਪਤਿ ਹੁੰਦੀ ਹੈ।

---

(ਵਿਅੰਗ ਕਵਿਤਾ)

## ਕੁਰਸੀ ਸੰਭਾਲ ਸਿੰਘਾ

(ਤੇਗ਼ ਬਹਾਦਰ ਸਿੰਘ 'ਤੇਗ਼')

ਕੋਈ ਤੈਨੂੰ ਕੁੱਟੀ ਜਾਵੇ, ਪੱਤ ਤੇਰੀ ਲੁੱਟੀ ਜਾਵੇ,
ਸੰਘੀ ਤੇਰੀ ਘੁੱਟੀ ਜਾਵੇ, ਕਰੀਂ ਨਾ ਤੂੰ ਖਿਆਲ ਓਏ।
ਕੁਰਸੀ ਸੰਭਾਲ ਸਿੰਘਾ ਕੁਰਸੀ ਸੰਭਾਲ ਓਏ।
ਗੰਗੂਆਂ ਦਾ ਪਾਣੀ ਭਰ, ਕਿਸੇ ਕੋਲੋਂ ਨ ਤੂੰ ਡਰ,
ਪੰਥ ਨੂੰ ਤੂੰ ਕਤਲ ਕਰ, ਬਣ ਕੇ ਚੰਡਾਲ ਓਏ।
ਕੁਰਸੀ ਸੰਭਾਲ ਸਿੰਘਾਂ ਕੁਰਸੀ ਸੰਭਾਲ ਓਏ।
ਕੋਈ ਤੇਰੀ ਪੱਤ ਲਾਹੇ, ਸਿੰਘਾਂ ਤਾਈਂ ਚਾਹੜੇ ਫਾਹੇ,
ਪੁੱਠੀ ਰੱਖੀਂ ਮੱਤ ਚਾਹੇ, ਹੋਵੀਂ ਨਾ ਨਿਢਾਲ ਓਏ।
ਕੁਰਸੀ ਸੰਭਾਲ ਸਿੰਘਾ ਕੁਰਸੀ ਸੰਭਾਲ ਓਏ।
ਤੈਨੂੰ ਕੀ ਜੇ ਕਿਸੇ ਨੇ, ਖੋਪੜ ਲੁਹਾਇਆ ਸੀ।
ਤੈਨੂੰ ਕੀ ਜੇ ਕਿਸੇ, ਬੰਦ ਬੰਦ ਕਟਾਇਆ ਸੀ।
ਸਿੱਖੀ ਜਾਂਦੀ ਐ ਤਾਂ ਜਾਵੇ, ਛੱਡੀ ਨਾ ਤੂੰ ਮਾਲ ਓਏ।
ਕੁਰਸੀ ਸੰਭਾਲ ਸਿੰਘਾਂ ਕੁਰਸੀ ਸੰਭਾਲ ਓਏ


www.AKJ.Org

# ਸਿਖਾਂ ਦਾ 'ਆਦਰਸ਼' ਗੁਣਾਂ ਦੀ ਸਾਂਝ ਹੈ

(ਗੁਰਪੁਰਵਾਸੀ ਭਾ: ਸਾ: ਭਾ: ਰਣਧੀਰ ਸਿੰਘ ਜੀ)

ਗੁਣਾ ਕਾ ਹੋਵੈ ਵਾਸੁਲਾ ਕਢਿ ਵਾਸੁ ਲਈਜੈ॥
ਜੇ ਗੁਣ ਹੋਵਨਿ ਸਾਜਨਾ ਮਿਲਿ ਸਾਝ ਕਰੀਜੈ॥
ਸਾਝ ਕਰੀਜੈ ਗੁਣਹ ਕੇਰੀ ਛੋਡਿ ਅਵਗਣ ਚਲੀਐ॥
ਪਹਿਰੇ ਪਟੰਬਰ ਕਰਿ ਅਡੰਬਰ ਆਪਣਾ ਪਿੜੁ ਮਲੀਐ॥
ਜਿਥੈ ਜਾਇ ਬਹੀਐ ਭਲਾ ਕਹੀਐ ਝੋਲਿ ਅੰਮ੍ਰਿਤੁ ਪੀਜੈ॥
ਗੁਣਾ ਕਾ ਹੋਵੈ ਵਾਸੁਲਾ ਕਢਿ ਵਾਸੁ ਲਈਜੈ ॥੩॥

ਸੂਹੀ ਛੰਤ ਮ: ੧, ਪੰਨਾ ੭੬੫-੬੬

ਵਾਹ ਕਿਆ ਸੁੰਦਰ ਗੁਰ ਸਿਖਸ਼ਾ ਭਰਿਆ ਗੁਰ-ਵਾਕ ਹੈ। ਗੁਣ ਗ੍ਰਾਹਕ ਗੁਰਮੁਖ ਜਨਾ ਨੂੰ ਗੁਣਾ ਦੇ ਵਾਸਲੇ ਵਿਚੋਂ ਕੇਵਲ ਗੁਣਾਂ ਰੂਪੀ ਵਾਸ਼ਨਾ ਦੇ ਹੀ ਕਢ ਲੈਣ ਦੀ ਗਾਹਕੀ ਹੈ। ਗੁਣਾ ਰੂਪੀ ਵਾਸ਼ਨਾ ਦੇ ਭਉਰਿਆਂ ਨੂੰ ਸਿਰਫ਼ ਫੁੱਲਾਂ ਦੀ ਵਾਸ਼ਨਾ ਸੰਦੀ ਹੀ ਆਸ਼ਕੀ ਹੁੰਦੀ ਹੈ, ਗੁਰਮੁਖ ਗੁਣ-ਗ੍ਰਾਹਕਾਂ ਨੂੰ ਗੁਰਸਿੱਖ ਸੱਜਣਾਂ ਦੇ ਗੁਰਮਤਿ ਗੁਣਾਂ ਨਾਲ ਹੀ ਵਾਸਤਾ ਹੁੰਦਾ ਹੈ। ਗੁਰਮਤਿ ਗੁਣਾਂ ਦੀ ਸਾਂਝ ਕਰਿ ਹੀ ਗੁਰਸਿੱਖ ਗੁਰਸਿੱਖਾ ਦੇ ਪ੍ਰਸਪਰ ਪ੍ਰੇਮੀ ਹੁੰਦੇ ਹਨ। ਉਹਨਾਂ ਨੂੰ ਗੁਰਸਿੱਖ ਮੀਤਾਂ ਸੱਜਣਾਂ ਦੇ ਗੁਣਾਂ ਦੀ ਹੀ ਪ੍ਰੀਤਿ-ਆਸ਼ਕੀ ਹੁੰਦੀ ਹੈ। ਇਸ ਗੁਣ-ਪ੍ਰੀਤਿ ਦੀ ਗੰਢ ਕਰਿ ਹੀ ਗੁਰਸਿੱਖ, ਗੁਰਸਿੱਖ ਦਾ ਸ਼ੈਦਾਈ ਹੁੰਦਾ ਹੈ। ਗੁਰਸਿੱਖ ਪ੍ਰੇਮ ਸ਼ੈਦਾਈਆਂ ਨੂੰ ਗੁਰਸਿੱਖੀ ਦੇ ਗੁਣਾਂ ਦੀ ਸਾਂਝ ਹੀ ਪ੍ਰਸਪਰ ਬਣੀ ਰਹਿੰਦੀ ਹੈ। ਗੁਰਸਿੱਖ ਪ੍ਰਸਪਰ ਮਿਲ ਕੇ ਪ੍ਰਸਪਰੀ ਗੁਣਾਂ ਦੀ ਸਾਂਝ ਹੀ ਸਦੀਵੀ ਪਾਈ ਰਖਦੇ ਹਨ। "ਜੇ ਗੁਣ ਹੋਵਨਿ ਸਾਜਨਾ ਮਿਲਿ ਸਾਝ ਕਰੀਜੈ" ਵਾਲੀ ਗੁਰਵਾਕ ਦੀ ਤੁਕ ਉਪਰ ਅਮਲ ਕਰਦੇ ਹੋਏ ਅਵੱਸ਼ ਅਗਲੀ ਤੁਕ ਦੀ ਅੰਦਰਲੀ ਗੁਣ-ਧਾਰਨਾ ਦੇ ਭੀ ਧਾਰਨੀ ਬਣਦੇ ਹਨ-"ਸਾਝ ਕਰੀਜੈ ਗੁਣਹ ਕੇਰੀ ਛੋਡਿ ਅਵਗਣ ਚਲੀਐ॥" ਵਾਹੁ ਕੈਸੀ ਉਤਮ ਗੁਰਮੱਤੜੀ ਕੈਸੀ ਸੁਹਣੀ ਗੁਰ ਸਿੱਖਿਆ ਹੈ ॥ ਵਾਹੁ ਧੰਨ। ਗੁਰਸਿੱਖਾਂ ਨੂੰ ਗੁਰਸਿੱਖਾ ਦੇ ਪ੍ਰਸਪਰੀ ਗੁਣਾਂ ਦੀ ਸਾਂਝ ਦਾ ਹੀ ਇਸ਼ਕ ਬਣਿਆ ਰਹਿੰਦਾ ਹੈ। ਉਹਨਾਂ ਨੂੰ ਇਕ ਦੂਜੇ ਦੇ ਅਉਗਣਾਂ ਨਾਲਿ ਕੋਈ ਵਾਸਤਾ ਨਹੀਂ ਹੁੰਦਾ। "ਛੋਡਿ ਅਵਗਣ ਚਲੀਐਂ" ਵਾਲੀ ਗੁਰਸਿੱਖੀ ਉਤੇ ਉਹਨਾ ਦਾ ਪੂਰਾ ਅਮਲ ਹੁੰਦਾ ਹੈ। ਕਿਸੇ ਦੇ ਅਉਗਣਾਂ ਨੂੰ ਨਾ ਚਿਤਾਰਨਾ, ਦੂਜੇ ਦੇ ਅਉਗਣਾਂ ਵਲ ਨ ਤੱਕਣਾ, ਜੇ ਤੱਕਣਾ ਤਾਂ ਵੇਖ ਕੇ ਅਣਡਿੱਠ ਕਰ ਦੇਣਾ, ਗੁਰਮੁਖ ਗੁਰਸਿੱਖਾਂ ਦਾ ਬਿਰਦ ਹੈ।

ਗੁਰਸਿੱਖਾਂ ਸੇਤੀ ਗੁਣਾਂ ਦੀ ਸਾਂਝ ਅਤੇ ਅਵਗੁਣਾਂ ਦਾ ਤਿਆਗ ਇਹ ਪ੍ਰਸਪਰ ਪਿਆਰ ਉਪਜਾਊ ਸੱਚਾ ਪ੍ਰੇਮ-ਨੁਸਖ਼ਾ ਹੈ, ਜਿਸ ਦੇ ਵਰਤਣ ਕਰਿ ਪ੍ਰੇਮ ਦੀ ਪੀਡੀ ਗੰਢ ਗੁਰਸਿੱਖਾਂ ਵਿਚਕਾਰ ਪਈ ਰਹਿੰਦੀ ਹੈ, ਜੋ ਕਦੇ ਨਹੀਂ ਟੁਟਦੀ। ਟੁਟੇ ਕਿਵੇਂ, ਨਾਮ ਦੀ ਆਕ੍ਰਖਣੀ ਤਾਰ-ਡੋਰੀ ਇਹ ਗੰਢ ਜੋੜੀ ਰਖਦੀ ਹੈ। ਗੁਰਮੁਖਿ ਨਾਮ-ਤਾਰ-ਪ੍ਰੋਤੇ ਹਿਰਦਿਆਂ ਅੰਦਰ ਇਕੋ ਜਲਵ-ਜਗੰਨ-ਜੋਤੀਸ਼ ਦੀ ਸਾਂਝੀ ਤਾਰ ਜੁ ਫਿਰੀ ਹੋਈ ਹੈ। ਸੱਚੀ ਸਾਂਝੀਵਾਲਤਾ ਦੀ ਇਹ ਨਾਮ-ਤਰਬ-ਤੂੰਗੀ-ਤਾਰ ਕਦੇ ਤੋੜੀ ਤੁਟਦੀ ਨਹੀਂ ਅਤੇ ਛੱਡੀ ਛੁੱਟਦੀ ਨਹੀਂ। ਨਾਮ ਅਭਿਆਸ ਕਮਾਈ ਤੋਂ ਸੱਖਣੇ ਜਗਿਆਸੂ ਜਨਾਂ ਦੇ ਹਿਰਦੇ, ਇਸ ਸਦ ਨਵਤਨ ਮਨ-ਵਿਗਾਸਨੀ ਤਾਰ ਤੋਂ ਸੁੰਞੇ ਹੋਣ ਕਰਿ ਸੱਚੇ ਪ੍ਰੇਮ ਪਿਆਰ ਤੋਂ ਵੀ ਵਾਞੇਂ ਰਹਿ ਜਾਂਦੇ ਹਨ।

ਸਚਾ ਪ੍ਰੇਮ ਪਿਆਰੁ ਗੁਰ ਪੂਰੇ ਤੇ ਪਾਈਐ॥
ਕਬਹੂ ਨ ਹੋਵੈ ਭੰਗੁ ਨਾਨਕ ਹਰਿ ਗੁਣ ਗਾਈਐ ॥੧੧॥

(ਵਾਰਾਂ ਤੇ ਵਧੀਕ, ਸਲੋਕ ਮ: ੪, ਪੰਨਾ ੧੪੨੨)

ਪਰ ਇਹ ਸੱਚਾ ਪ੍ਰੇਮ ਪਿਆਰੁ ਇਸ ਉਪਰਲੇ ਗੁਰਵਾਕ ਦੇ ਭਾਵ ਅਨੁਸਾਰ ਗੁਰੂ ਪੂਰੇ ਦੀ ਕਲਾ-ਕ੍ਰਿਸ਼ਮੀ-ਕਿਰਪਾ ਕਟਾਖਸ਼ ਦੁਆਰਾ ਹੀ ਪਾ ਸਕੀਦਾ ਹੈ। ਜਿਨ੍ਹਾਂ ਦੇ ਉਪਰ ਸਤਿਗੁਰ ਪੂਰੇ ਦੀ ਇਹ ਕਿਰਪਾ ਹੋ ਗਈ ਓਹਨਾਂ ਦੇ ਅੰਦਰੋਂ ਇਹ ਸੱਚਾ ਪ੍ਰੇਮ ਪਿਆਰ-ਰੰਗ "ਕਬਹੂ ਨ ਹੋਵੈ ਭੰਗੁ" ਕਦੇ ਭੰਗ ਨਹੀਂ


www.AKJ.Org

ਹੋਵੇਗਾ। ਇਸ ਪ੍ਰੇਮ ਪਿਆਰ ਰੰਗ ਰਤੇ ਹੋਣ ਕਰਿ ਓਹਨਾਂ ਦੇ ਅੰਤਰਿ "ਹਰਿ ਗੁਣ ਗਾਈਐ"। ਪ੍ਰਸਪਰ ਹਰਿ ਗੁਣ ਗਾਉਣ, ਹਰਿ ਹਰਿ ਕੀਰਤਨ ਕਰਨ ਦਾ ਅਤਿ ਗੁਣ ਅਮਲ ਦਿਨੋ ਦਿਨ ਜਿਉਂ ਜਿਉਂ ਬਣਿਆ ਬਣਾਤਾ ਰਹੇਗਾ, ਤਿਉਂ ਤਿਉਂ ਓਹਨਾਂ ਗੁਰਸਿੱਖਾਂ, ਹਰਿ-ਗੁਣ ਗਾਵਣਹਾਰਿਆਂ ਦਾ ਪ੍ਰਸਪਰੀ ਪ੍ਰੇਮ ਪਿਆਰ ਭੀ ਹਰਿਆ ਭਰਿਆ ਅਤੇ ਵਧਿਆ ਫੁਲਿਆ ਰਹੇਗਾ। ਗੁਰ ਸਤਿਗੁਰ ਸੱਚੇ ਪਾਤਸ਼ਾਹ ਦੇ ਹੁਕਮ ਅਨੁਸਾਰ ਜਿਉਂ ਜਿਉਂ ਨਿੱਤ ਨਿਯਮ ਅਨੁਸਾਰ ਗੁਰੂ ਕੇ ਸਿਖ ਪ੍ਰਸਪਰ ਰਲ ਮਿਲ ਕੇ ਹਰਿ ਗੁਣ ਗਾਵਣਗੇ, ਜਿਉਂ ਜਿਉਂ ਨਾਮ ਅਭਿਆਸ ਦੀਆਂ ਕਮਾਈਆਂ ਕਰਨਗੇ, ਤਿਉਂ ਤਿਉਂ ਤਿਨ੍ਹਾਂ ਉਪਰ ਸਤਿਗੁਰੂ ਦੀ ਕਿਰਪਾ ਦਾ ਕਟਾਖਸ਼ੜਾ ਦਿਨੋ ਦਿਨ ਵਧੇਰਾ ਖਿੜਦਾ ਰਹੇਗਾ ਅਤੇ ਤਿਨ੍ਹਾਂ ਦੀ ਪ੍ਰਸਪਰੀ ਪ੍ਰੇਮ ਭੀ ਦਿਨੋ ਦਿਨ ਗੂੜ੍ਹਾ ਅਤੇ ਅਤਿ ਰੰਗ ਰੂੜਾ ਹੁੰਦਾ ਜਾਏਗਾ। ਪਰ ਇਹ ਕਿਰਪਾ-ਕਟਾਖਸ਼ੀ ਗੁਰੂ ਮੇਹਰ ਤਿਨ੍ਹਾਂ ਜਨਾਂ ਪਰ ਹੀ ਹੋਵੇਗੀ ਜੋ ਗੁਰੂ ਦੀ ਆਗਿਆ ਸਤਿ ਸਤਿ ਕਰਿ ਮੰਨਣਗੇ। ਆਗਿਆਕਾਰੀ ਗੁਰਸਿੱਖਾਂ ਉਤੇ ਜ਼ਰੂਰ ਹੀ ਗੁਰੂ ਦੀ ਕਿਰਪਾ ਦਾ ਛਾਜ ਵਹਾਰ (ਅਮੁਕ ਵਹਾ) ਹੈ। ਸਤਿਗੁਰੂ ਸੱਚੇ ਗੁਰਦੇਵ ਸ੍ਰੀ ਗੁਰੂ ਗ੍ਰੰਥ ਸਾਹਿਬ ਦਸ ਸੱਚਾ ਹੁਕਮ ਹੈ :–

ਹੋਇ ਇਕਤ੍ਰ ਮਿਲਹੁ ਮੇਰੇ ਭਾਈ ਦੁਬਿਧਾ ਦੂਰਿ ਕਰਹੁ ਲਿਵ ਲਾਇ॥
ਹਰਿ ਨਾਮੈ ਕੇ ਹੋਵਹੁ ਜੋੜੀ ਗੁਰਮੁਖਿ ਬੈਸਹੁ ਸਫਾ ਵਿਛਾਇ॥੧॥

(ਬਸੰਤੁ ਮ: ੫ ਹਿੰਡੋਲ, ਪੰਨਾ ੧੧੮੫)

ਗੁਰੂ ਸੱਚੇ ਪਾਤਸ਼ਾਹ ਦੇ ਇਸ ਸੱਚੇ ਹੁਕਮ ਅਨੁਸਾਰੀ ਤਾਮੀਲਦਾਰੀ ਹੁੰਦੇ ਹੋਏ ਜੋ ਗੁਰਸਿਖ ਕੀਰਤਨ-ਮੰਡਲੇ ਵਿਚ ਇਕੱਤਰ ਹੋਇ ਕੇ ਪ੍ਰਸਪਰੇ ਮਿਲ ਬੈਠਣ ਦਾ ਅਤੇ ਹਰਿਗੁਣ ਗਾਵਣ ਦਾ ਹੁਕਮ ਕਮਾਵੰਦੇ ਹਨ ਓਹਨਾਂ ਦੀ ਹਰਿ-ਕੀਰਤਨ-ਲਿਵਤਾਰ ਦੀ ਪਾਰਸ-ਕਲਾ ਦੁਆਰਾ ਦੁਬਿਧਾ ਦੂਰ ਹੋ ਜਾਂਦੀ ਹੈ। ਓਹਨਾਂ ਦੇ ਹਰਿ-ਕੀਰਤਨੀ-ਮੰਡਲ ਵਿਚ ਜੁੜਿ ਬੈਠਣਹਾਰਿਆਂ, ਹਰਿ-ਗੁਣ-ਲਿਵਤਾਰੀਆਂ ਦੇ ਹਿਰਦਿਆਂ ਅੰਦਰ ਨਾਮ-ਕਿਰਨ-ਰਸ-ਜੋਤਿ ਦੀ ਸਾਂਝੀ ਤਾਰ ਫਿਰ ਜਾਂਦੀ ਹੈ ਅਤੇ ਇਹੀ ਕਿਰਨ-ਰਸ-ਜੋਤਿ-ਬੇਧਵੀਂ ਸਾਂਝੀ ਤਾਰ ਸਗਲ ਹਰਿ ਜਨਾਂ ਦੇ ਘਟਾਂ ਅੰਦਰ ਜੋਤਿ ਜੁੜੰਨੀ ਅਤੇ ਤਰਬ ਤ੍ਰੰਗਨੀ ਹੋਣ ਕਰਿ ਸਭ ਨੂੰ ਹਰਿ ਨਾਮੇ ਦੇ ਜੋੜੀ, ਸੱਚੇ ਜੋੜੀ, ਸੱਚੀ ਜੋਤਿ-ਜੁੜੰਨੇ-ਜੋੜੀ ਬਣਾਇ ਦੇਂਦੀ ਹੈ। ਐਸੇ ਹਰਿ ਨਾਮੇ ਦੇ ਜੋੜੀ ਗੁਰਮੁਖ ਭਗਤ ਜਨ ਸੱਚੇ ਪਾਤਸ਼ਾਹ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਹਜ਼ੂਰਿ ਸਫਾ ਵਿਛਾਇ ਕੇ ਬਹਿੰਦੇ ਹਨ, ਧੂੜੀ ਵਿਚ ਲੁਡੰਦੜੇ ਹੀ ਸੋਹੰਦੇ ਹਨ। ਇਕੋ ਸਫਾ ਵਿਚ, ਇਕ ਸਫ ਉਤੇ ਨਿਕਰਮਾਣ ਹੋ ਕੇ ਗੁਰੂ ਸਤਿਗੁਰੂ ਜੀ ਦੀ ਧੂੜ ਲਡਨੂਰੀ ਹਜ਼ੂਰੀ ਵਿਚਿ ਪ੍ਰਸਪਰ ਪ੍ਰੇਮ-ਪਿਆਰ ਦਾ ਸੰਧੂਰ ਲਾਇ ਮੁਸਕਾਇ ਕੇ ਬਹਿੰਦੇ ਹਨ।

ਇਕੋ ਸੰਗਤ ਪੰਗਤ ਵਿਚ ਨੀਵੇਂ ਨਿਰਮਾਣ ਹੋ ਕੇ ਗੁਰੂ ਹਜ਼ੂਰੀ ਮਜਨ-ਧੂਰੀਆਂ ਅਤੇ ਨਾਮ ਰਸ ਸੰਧੂਰੀ ਗੁਰਮੁਖ ਰੂਹਾਂ ਨੂੰ, ਭਲਾ ਕੁਰਸੀ-ਨਸ਼ੀਨੀਆਂ ਦਾ ਕਮਲ ਅਤੇ ਚੁਧਰੰਮ ਬਫ਼ਰੰਮੀ ਰੋਗ ਕਾਹਨੂੰ ਸੁਖਾਉਂਦਾ ਸੋਹਾਉਂਦਾ ਹੈ। ਓਹ ਕੁਰਸੀਆਂ ਉਪਰ ਉਸਰਿ ਉਸਰਿ ਕੇ ਬੈਠਣ ਨਾਲੋਂ ਇਕੋ ਸਾਂਝੀ ਸਫਾ ਵਿਚਿ ਅਦਬ ਸਹਿਤ ਗੁਰੂ ਹਜ਼ੂਰੀ ਵਿਚ ਰਲ ਮਿਲ ਕੇ ਬੈਠਣਾ ਹੀ ਸਤਿਗੁਰੂ ਦੀ ਸੱਚੀ ਆਗਿਆ ਦਾ ਸੱਚਾ ਪਾਲਨ ਸਮਝਦੇ ਹਨ ਅਤੇ ਇਸ ਆਗਿਆ ਪਾਲਨ ਤੇ ਓਹਨਾਂ ਨੂੰ ਅਵੱਸ਼ ਸੱਚੇ ਰੰਗ ਲਗਦੇ ਹਨ। ਇਸ ਸੱਚੀ ਸਾਂਝੀਵਾਲਤਾ ਦੀ ਸੱਚੀ ਸਿਪਿਰਟ ਵਿਚਿ ਕੀਤੀ ਹੋਈ ਕੋਈ ਭੀ ਗੁਰੂ ਕੀ ਕਾਰ-ਸੇਵਾ ਆਪਣਾ ਰੰਗ ਲਿਆਏ ਬਿਨਾਂ ਆਹਲੀ ਨਹੀਂ ਜਾਂਦੀ। ਇਸ ਸੱਚੀ ਸਿਪਿਰਟ ਵਿਚ ਗੁਰੂ ਅਤੇ ਗੁਰੂ ਪੰਥ ਦੀ ਸੇਵਾ ਕਮਾਵਣਹਾਰਿਆਂ ਦਾ ਹਿਰਦਾ ਸਦਾ ਹੀ ਇਕ ਦੂਜੇ ਦੀ ਰੇਣ ਹੋਇ ਰਹਿਣ ਨੂੰ ਪਸੀਜਿਆ ਪਸਮਿਲਾ ਰਹਿੰਦਾ ਹੈ। ਉਹ ਇਕ ਦੂਜੇ ਦੇ ਅਉਗੁਣ ਚਿਤਾਰਦੇ ਹੀ ਨਹੀਂ। ਉਹਨਾ ਨੂੰ ਆਪਣੇ ਸਾਂਝੀਵਾਲਤਾ ਸੇਵਕ ਜਨ ਭਰਾਵਾਂ ਅੰਦਰ ਸਾਰੇ ਗੁਣ ਹੀ ਗੁਣ ਭਾਸਦੇ ਹਨ। ਸੱਚੀ ਪ੍ਰੀਤਿ ਦੀ ਸ਼ੁਭ ਨੀਸ਼ਾਨੀ ਇਹੀ ਹੈ। ਪ੍ਰੀਤਵਾਨ ਨੂੰ ਆਪਣੇ ਪ੍ਰੀਤਮ ਦੇ ਅਉਗੁਣ ਭੀ ਗੁਣ ਹੀ ਪ੍ਰਤੀਤ ਹੁੰਦੇ ਹਨ।

**ਅਕਾਲੀ ਲਹਿਰ ਦਾ ਸਮਾਂ ਤੇ ਗੁਣਾਂ ਦਾ ਪਿਆਰ —**

ਏਸ ਸੱਚੇ ਪ੍ਰੀਤ ਪਿਆਰ ਦੀ ਸੱਚੀ ਝਲਕ ਦਾ ਲਜ਼ਾਰਾ ਗੁਰੂ ਪੰਥ ਦੇ ਸੇਵਕਾਂ ਅੰਦਰਿ ਅੱਜ ਤੋਂ ਕਈ ਸਾਲ ਪਹਿਲਾਂ (੧੯੨੬-੨੭ ਵਿਚ) ਕੈਸਾ ਚੜ੍ਹਦੀਆਂ ਕਲਾਂ ਵਿਚ ਰੰਗ ਦਿਖਾ ਰਿਹਾ ਸੀ। ਉਸ ਸਮੇਂ

"ਏਕੁ ਪਿਤਾ ਏਕਸ ਕੇ ਹਮ ਬਾਰਿਕ" ਹੋਇ ਕੇ ਅਤੇ ਸੁਣਿ ਮੀਤਾ ਧੂਰੀ ਕਉ ਬਲਿ ਜਾਈ" ਦੇ ਆਸ਼ਕ ਹੋਇਕੈ ਅਸਾਡੇ ਪੰਥ-ਸੇਵਕ ਕਮਾਇ ਰਹੇ ਸਨ। ਓਹ ਆਪਨੇ ਸਜਣ ਮਿੱਤਰ ਗੁਰਸਿਖ ਭਰਾਵਾਂ ਦੇ ਸਦ ਗੁਣ ਹੀ ਸਦਾ ਦੇਖਦੇ ਚਿਤਾਰਦੇ ਅਤੇ ਸਤਿਕਾਰਦੇ ਸਨ। ਓਹਨਾਂ ਨੂੰ ਓਦੋਂ ਇਕ ਦੂਜੇ ਦੇ ਅਵਗੁਣ ਦੇਖਣ ਦਾ ਅਤੇ ਛਿੱਦਰ ਫੋਲਣ ਦਾ ਵਿਹਲ ਕੁਚਸਕਾ ਹੀ ਨਹੀਂ ਸੀ। ਓਹਨਾਂ ਦੀ ਗੁਰ-ਗੰਮ-ਗੁਣੀ-ਸੱਚੀ-ਸਾਂਝੀਵਾਲਤਾ ਤੋਂ ਉਪੰਨੀ ਨਿਰਮਾਣ ਸੇਵਾ ਆਪਨਾ ਅਲੌਕਿਕ ਰੰਗ ਲਿਆਈ ਅਤੇ ਫੇਰ ਭੀ ਲਿਆਵੇਗੀ। ਭਾਣੇ ਅੰਦਰ ਗੁਰੂ ਨੂੰ ਇਹ ਮਨਜ਼ੂਰ ਹੋਸੀ ਕਿ ਗੁਰਸਿਖ ਸੇਵਕ ਆਗੂਆਂ ਵਿਚ ਵੀ ਹਉਮੈ, ਕਾਂਪ-ਖਾ-ਗਈ-ਬਿਰਤੀ ਅੰਦਰ, ਰਾਈ ਮਾਤਰ ਰੋਗ ਭੀ ਨਾ ਰਹਿ ਜਾਵੇ। ਗੁਰੂ ਸੱਚੇ ਪਾਤਸ਼ਾਹ ਨੂੰ ਇਹ ਦੇਖਣਾ ਨਹੀਂ ਭਾਂਵਦਾ ਕਿ ਗੁਰੂ ਦੇ ਸਿੱਖਾਂ ਸੇਵਕਾਂ ਵਿਚ ਕਿਸੇ ਰੋਗ ਦੀ ਕਣੀ, ਕੋਈ ਖਾਮੀ, ਕਚਿਆਈ ਬਾਕੀ ਰਹਿ ਜਾਵੇ। ਹਉਮੈ ਬਫਣ-ਬਫ਼ਾਈ ਵਿਚ ਹੁਣ ਬਹੁਤ ਹੰਢਿਆ ਹੰਭਿਆ ਗਿਆ ਹੈ। ਹੁਣ ਜ਼ਰੂਰ ਸੁਰਤਿ ਪਰਤਣੀ ਚਾਹੀਏ, ਪਰ ਪਰਤੇਗੀ ਇਸ ਲੇਖ ਦੇ ਸਿਰਲੇਖ ਵਾਲੇ ਗੁਰਵਾਕ ਦੇ ਉਚ-ਭਾਵੀ ਪ੍ਰਭਾਵ ਹੇਠ। ਹਾਂ ਜੀ "ਗੁਣਾ ਕਾ ਹੋਵੈ ਵਾਸੁਲਾ ਕਢਿ ਵਾਸੁ ਲਈਜੈ" ਹਾਂ ਜੀ। ਫੇਰ ਪੜ੍ਹੋ "ਜੇ ਗੁਣ ਹੋਵਨਿ ਸਾਜਨਾ ਮਿਲ ਸਾਂਝ ਕਰੀਜੈ॥ ਸਾਝ ਕਰੀਜੈ ਗੁਣਹ ਕੇਰੀ ਛੋਡਿ ਅਵਗਣ ਚਲੀਐ॥" ਹਾਂ ਪਿਆਰੇ ਜੀ "ਛੋਡਿ ਅਵਗਣ ਚਲੀਐ"। ਵਾਹੁ ਵਾਹੁ ਕਿਆ ਸੋਹਣੀ ਗੁਰਵਾਕ ਚੇਤਾਵਨੀ ਚੇਤੇ ਆਈ ਹੈ :-

ਹਉ ਬਲਿਹਾਰੀ ਸਾਜਨਾ ਮੀਤਾ ਅਵਰੀਤਾ ॥
ਇਹੁ ਤਨੁ ਜਿਨ ਸਿਉ ਗਾਡਿਆ ਮਨੁ ਲੀਅੜਾ ਦੀਤਾ॥
ਲੀਆ ਤ ਦੀਆ ਮਾਨੁ ਜਿਨ ਸਿਉ ਸੇ ਸਜਨ ਕਿਉ ਵੀਸਰਹਿ॥
ਜਿਨ ਦਿਸਿ ਆਇਆ ਹੋਹਿ ਰਲੀਆ ਜੀਅ ਸੇਤੀ ਗਹਿ ਰਹਹਿ ॥
ਸਗਲ ਗੁਣ ਅਵਗੁਣੁ ਨ ਕੋਈ ਹੋਹਿ ਨੀਤਾ ਨੀਤਾ॥
ਹਉ ਬਲਿਹਾਰੀ ਸਾਜਨਾ ਮੀਤਾ ਅਵਰੀਤਾ॥੨॥

(ਸੂਹੀ ਛੰਤ ਮ: ੧, ਪੰਨਾ ੭੬੫)

ਹਾਂ ਜੀ । ਹਉ ਬਲਿਹਾਰੀ । ਬਲਿਹਾਰੀ ਸਾਜਨਾ। ਬਲਿਹਾਰੀ। ਹਾਂ ਜੀ ਹਉ ਬਲਿਹਾਰੀ ਸਾਜਨਾ ਮੀਤਾ ਅਵਰੀਤਾ। ਮੀਤਾ ਅਵਰੀਤਾ। ਅਵਰੀਤਾ ਵਿਸ਼ੇਖ ਰੀਤਿ ਵਾਲੇ ਸ੍ਰੇਸ਼ਟ ਕਰਮੀ ਗੁਰਸਿੱਖ ਸੇਵਕ ਸਜਨ ਜਨ ਮੀਤ ਅਵਰੀਤ ਜਨਾਂ ਤੋਂ ਹਉ ਬਲਿਹਾਰੀ। ਹਾਂ ਜੀ ਸਾਨੂੰ ਤਾਂ ਓਹ ਜੇਲ੍ਹ ਬੈਠਿਆਂ ਭੀ, ਹਜ਼ਾਰੀ ਬਾਗ, ਰਾਜ ਮੰਦਰੀ, ਨਾਗਪੁਰ ਦੇ ਸੁਰਾਜ ਮੰਦਰਾਂ ਵਿਚ ਬੈਠਿਆਂ ਭੀ ਅਸਾਡੇ ਪੰਥ ਸੇਵਕ ਰਤਨ ਭੂਸ਼ਨਾਂ ਦੇ "ਸਗਲ ਗੁਣ ਅਵਗੁਣ ਨ ਕੋਈ" ਹੀ ਭਾਸਦੇ ਸਨ ਅਤੇ ਹੁਣ ਭੀ ਨਿਰੇ ਗੁਣ ਹੀ ਗੁਣ ਭਾਸ ਰਹੇ ਹਨ। ਆਹਾ ਅਸਾਨੂੰ ਯਾਦ ਹੈ, ਦਾਸ ਅਤੇ ਦਾਸ ਦਾ ਸੱਚੜਾ ਸੁਹਿਰਦ ਵੀਰ ਭਾਈ ਕਰਤਾਰ ਸਿੰਘ ਕੈਨੇਡੀਅਨ ਚੰਦ ਨਿਵਾਸੀ ਕੋਈ ਜਾਣੇ ਨਾਗਪੁਰ ਜੇਲ੍ਹ ਦੀਆਂ ਕਾਲ-ਕੋਠੜੀਆਂ ਵਿਚ ਬੈਠੇ ਦਰਜਨਾਂ ਵਰ੍ਹਿਆਂ ਦੇ ਦੂਰ-ਧਿਆਨੀ ਹੋਏ ਬੈਠੇ, ਕਿਸ ਹਸਰਤ, ਕਿਸ ਫ਼ਖ਼ਰ, ਕਿਸ ਸਨਮਾਨ ਭਰੇ ਚਾਉ ਨਾਲ ਆਪਨੇ ਦੂਲੇ ਪੰਥ ਦੇ, ਬਾਹਰ ਦੀ ਦੁਨੀਆ ਵਿਚ ਘਾਲਾਂ ਘਾਲ ਰਹੇ, ਪੰਥ ਦੁਲਾਰਿਆਂ ਦੀਆਂ ਕਮਲ ਜਮਾਲ ਕਰਨੀਆਂ ਨੂੰ ਵਿਚਾਰ ਵਿਚਾਰ ਵਿਗਸਦੇ ਹੁੰਦੇ ਸੀ ਅਤੇ ਅਸਾਡੇ ਦਿਲਾਂ ਦਿਮਾਗ ਅੰਦਰ ਹੁਣ ਤਾਈਂ ਭੀ ਓਹਨਾਂ ਕਮਲ ਜਮਾਲ ਕਰਨੀਆਂ ਦੀ ਖ਼ੁਸ਼ਬੋਈ ਸਮਾਈ ਪਈ ਹੈ। ਸਾਨੂੰ ਤਾਂ ਓਹਨਾਂ ਦੇ ਗੁਣ ਹੀ ਗੁਣ ਚੇਤੇ ਹਨ। ਅਸੀਂ ਹੈਰਾਨ ਹਾਂ ਕਿ ਅਸਾਡੇ ਉਕਤ ਕਮਲ ਕਮਾਲੀ ਭਰਾਵਾਂ ਦੇ ਹਿਰਦਿਆਂ ਵਿਚ ਭੀ ਓਹੀ ਕਣੀ ਕਿਉਂ ਨਹੀਂ ਸਮਾਇ ਰਹੀ। ਪ੍ਰਸਪਰ ਇਕ ਦੂਜੇ ਦੇ ਗੁਣ ਕਿਉਂ ਨਹੀਂ ਦੇਖ ਰਹੇ। ਗੁਣਾਂ ਦੀ ਸਾਂਝ ਕਿਉਂ ਨਹੀਂ ਰੱਖ ਰਹੇ। "ਛੋਡਿ ਅਵਗਣ ਚਲੀਐ" ਵਾਲੀ ਗੁਰ-ਫੁਰਮਾਨ-ਦਰਸਾਈ ਕਰਨੀ ਕਿਉਂ ਨਹੀਂ ਕਮਾਇ ਰਹੇ। ਸਤਿਗੁਰੂ ਨੇ ਆਪਣੀ ਅਪਾਰ ਕਿਰਪਾ ਕਰਿ ਇਕ ਵਾਰ ਭੀ ਜਿਨ੍ਹਾਂ ਵਿਅਕਤੀਆਂ ਤੋਂ ਉਚ ਦਰਜੇ ਦੀ ਸੇਵਾ ਲਈ ਹੈ, ਓਹਨਾਂ ਤੋਂ ਦਾਸ ਦਾ ਇਹ ਹੀਅੜਾ ਵਾਰਨੇ ਬਲਿਹਾਰਨੇ ਜਾ ਰਹਿਆ ਹੈ। ਉਹਨਾਂ ਦੀਆਂ ਸੇਵਾ ਘਾਲਾਂ ਚੇਤੇ ਕਰਿ ਸਾਨੂੰ ਤਾਂ ਓਹਨਾਂ ਦੇ ਉਕਤ ਕਾਰਨਾਮੇ ਹੀ ਚਿਤਾਰਨੇ ਭਾਂਵਦੇ ਹਨ।


www.AKJ.Org

ਅਉਗੁਣ ਨ ਚਿਤਾਰੋ–

ਅਸੀਂ ਅਲਪੱਗ ਹਾਂ। ਭੁੱਲਾਂ ਅਸਾਡੇ ਸਾਰਿਆਂ ਵਿਚ ਹੀ ਹਨ–

ਭੁਲਣ ਅੰਦਰਿ ਸਭੁ ਕੋ ਅਭੁਲੁ ਗੁਰੂ ਕਰਤਾਰੁ ॥੮॥੧੨॥

(ਸਿਰੀ ਰਾਗੁ ਮ: ੧, ਪੰਨਾ ੬੧)

ਤਥਾ– ਭੁਲਣ ਵਿਚਿ ਕੀਆ ਸਭੁ ਕੋਈ ਕਰਤਾ ਆਪੁ ਨ ਭੁਲੈ ॥੮॥੪॥

(ਪ੍ਰਭਾਤੀ ਮ:੧, ਪੰਨਾ ੧੩੪੪)

ਗੁਰਵਾਕਾਂ ਅਨੁਸਾਰ ਗੁਰੂ ਕਰਤਾਰ ਤੋਂ ਛੁੱਟ ਅਸੀਂ ਸੱਭੇ ਹੀ ਭੁਲਣਹਾਰ ਹਾਂ। ਫੇਰ ਕਿਸੇ ਦੇ ਅਵਗੁਣ ਕਾਸਨੂੰ ਚਿਤਾਰੀਏ ? ਆਉ ਸਭਸ ਦੇ ਗੁਣ-ਚਿਤਾਰੀ-ਵਾਸ-ਭੰਵਰੇ ਹੀ ਬਣੀਏ। ਸਾਨੂੰ ਤਾਂ ਰਹਿ ਰਹਿ ਕੇ ਅਸਾਡੀ ਪੰਥ-ਫੁਲਵਾੜੀ ਦੇ ਫੁੱਲਾਂ ਦੀ ਮਹਿਕ ਹੀ ਮਹਿਕ ਚੇਤੇ ਆ ਰਹੀ ਹੈ।

ਸਭ ਤੋਂ ਪਹਿਲੇ ਅਸਾਡੇ ਪੁਰਾਤਨੀ ਕਮਲ ਕਮਾਲ ਭੰਵਰੇ ਸਰਦਾਰ ਹਰਚੰਦ ਸਿੰਘ ਜੀ ਲਾਇਲਪੁਰੀ ਅਸਾਡੀ ਪ੍ਰੀਤ-ਯਾਦਗਾਰੀ ਸਫ ਵਿਚ ਆਇ ਸਸ਼ੋਭਤ ਹੋਏ ਹਨ। ੧੯੧੪ ਤੋਂ ਪਹਿਲਾਂ ਨਵ-ਜਾਗ੍ਰਤੀ-ਲਹਿਰ ਦਾ ਤੋਰਾ ਓਦੋਂ ਹੀ ਅਤੇ ਉਹਨਾਂ ਤੋਂ ਹੀ ਤੁਰਿਆ। ਅਸਾਨੂੰ ਤਾਂ ਉਹਨਾਂ ਦੀ ਕੁਰਬਾਨੀ ਹੀ ਕੁਰਬਾਨੀ ਚੇਤੇ ਹੈ। ਦਿਲ-ਜਾਨੀਆਂ ਦੀਆ ਦਿਲਦਾਨੀਆਂ ਹੀ ਚੇਤੇ ਹੋਣੀਆਂ ਹੋਈਆਂ।

ਓਸੇ ਸਫ਼ ਵਿਚ ਆਣ ਬੈਠੇ ਓਦੋਂ ਦੇ ਹੀ ਉਨ੍ਹਾਂ ਦੇ ਨਾਲ ਲਗਵੇਂ ਅਤੇ ਅਸਾਡੇ ਸੰਗੀ ਸਾਥੀ ਗੁਰਦਵਾਰਾ ਰਕਾਬ ਗੰਜ ਐਜੀਟੇਸ਼ਨ ਦੇ ਸਾਂਝੀਵਾਲਾਂ ਵਿਚੋਂ ਪੁਰਾਤਨ ਪੰਥ ਦਰਦੀ ਅਸਾਡੇ ਨਵਤਨ ਬਾਲੜੇ ਬੀਰ ਵੀਰ ਤਾਰਾ ਸਿੰਘ ਜੀ (ਮਾਸਟਰ), ਜੋ ਉਦੋਂ ਤੋਂ ਭੀ ਦੋ ਚਾਰ ਸਾਲ ਪਹਿਲਾਂ ਦੇ ਹੀ ਲਗਾਤਾਰ ਹੁਣ ਤਕ ਹਮਾ-ਤਨ ਹੋਇ ਪੰਥ ਸੇਵਾ ਦੀਆ ਘਾਲਾਂ ਘਾਲ ਰਹੇ ਹਨ। ਸਾਨੂੰ ਇਸ ਵੀਰ ਦੀ ਅਥੱਕ ਕੁਰਬਾਨੀ ਹੀ ਕੁਰਬਾਨੀ ਚੇਤੇ ਆ ਰਹੀ ਹੈ ਅਤੇ ਅਸਾਡੇ ਹਿਰਦਿਆਂ ਵਿਚ ਇਸ ਕੁਰਬਾਨੀ ਦਾ ਅਤੁਟ ਸਨਮਾਨ ਜਮਾਇ ਰਹਿਆ ਹੈ।

ਓਦੋਂ ਹੀ ਐਨ ਉਸ ਸਮੇਂ ਸਰਦਾਰ ਹਰਚੰਦ ਸਿੰਘ ਦੀ ਸੱਜੀ ਬਾਂਹ ਪੰਥ ਦੇ ਗੁੜ੍ਹੇ ਲਾਲ ਗੁਰਪੁਰ ਨਿਵਾਸੀ ਸ੍ਰੀ ਯੁਤ ਸਰਦਾਰ ਤੇਜਾ ਸਿੰਘ ਜੀ ਸਮੁੰਦਰੀ ਪੰਥ ਕੁਰਬਾਨੀ ਦੀ ਕਰਬਲਾ ਵਿਚ ਆਣ ਚਮਕੇ। ਇਹ ਨਿਰੋਲ ਨਿਰਮਾਣ ਨਿਸ਼ਕਾਮ ਕਰਨੀਆਂ ਪੰਥ ਨਈ ਖ਼ਾਸ ਫ਼ਖ਼ਰ ਦਾ ਕਾਰਨ ਹਨ। ਭਾਵੇਂ ਉਹ ਪੰਥ ਅਤੇ ਦੇਸ ਦੀ ਕੁਰਬਾਨੀ ਵਾਲੇ ਹਵਨ-ਕੁੰਡ ਵਿਚਿ ਆਪਣੀ ਅਹੂਤੀ ਦੇ ਕੇ ਕਈ ਸਾਲਾਂ ਤੋਂ ਗੁਰਪੁਰੀ ਨੂੰ ਪਧਾਰ ਚੁਕੇ ਹਨ, ਪਰ ਓਹਨਾਂ ਦੀ ਅਦੁੱਤੀ ਯਾਦਗਾਰ ਕਦੇ ਭੀ ਨਹੀਂ ਵਿਸਾਰੀ ਜਾ ਸਕਦੀ।

ਓਦੋਂ ਦੀ ਹੀ ਇਹਨਾਂ ਉਪਰਲਿਆਂ ਪੰਥ-ਪਰਵਾਨਿਆਂ ਦੇ ਨਾਲ ਲਗਵੀਂ ਹੀ ਸਰਦਾਰ ਸੁੰਦਰ ਸਿੰਘ ਜੀ ਲਾਇਲਪੁਰੀ ਦੀ ਯਾਦ-ਆਵਰੀ ਕੁਛ ਘਟ ਦਿਲ ਮੋਹਣੀ ਤਾਂ ਨਹੀਂ। ਓਦੋਂ ਦੀਆਂ ਵੀਰ ਸੁੰਦਰ ਸਿੰਘ ਲਾਇਲਪੁਰੀ ਦੀਆਂ ਦਲੇਰੀਆਂ ਅਤੇ ਨਿਰਭੈ ਭਬਕਾਂ ਅਤੇ ਨਿੱਗਰ ਕਾਰਨਾਮਿਆਂ ਨੇ ਹੀ ਅਕਾਲੀ ਲਹਿਰ ਦੇ ਪਹੁ-ਫੁਟਾਲੇ ਵਿਚ ਅਦੁੱਤੀ ਪੰਥ-ਦੂਲਿਆਂ ਦੇ ਨਾਲ ਮਿਲ ਕੇ ਪਹਿਲ ਕੀਤੀ ਸੀ ਅਤੇ ਖਾਸੇ ਚਿਰਤਕ ਡਟੇ ਰਹੇ। ਓਹਨਾਂ ਦੀਆਂ ਬੜੀਆਂ ਬੜੀਆਂ ਪੰਥ ਅਤੇ ਦੇਸ ਸੇਵਾ ਦੀਆਂ ਕਾਰ-ਗੁਜ਼ਾਰੀਆਂ ਅਸਾਡੇ ਚੇਤੇ ਹਨ। ਪਰ ਏਥੇ ਵਿਥਾਰ ਕੀ ਕਰਨਾ ਹੈ, ਲੇਖ ਵਧ ਜਾਏਗਾ। ਗੁਰੂ ਨੇ ਹੀ ਪ੍ਰੇਰ ਕੇ ਇਹ ਸੇਵਾ ਓਹਨਾਂ ਤੋਂ ਕਰਾਈ, ਭੁਲ-ਭੁਲਈਆਂ ਦਿਲਾਵਣਹਾਰਾ ਆਪੇ ਹੀ ਓਹਨਾਂ ਨੂੰ ਭਾਣੇ ਅੰਦਰ ਫੇਰ ਪੰਥਕ ਮੈਦਾਨ ਵਿਚ ਲੈ ਆਵੇਗਾ।

ਏਹਨਾਂ ਦੇ ਨਾਲ ਲਗਦੇ ਹੀ ਪੰਥ ਅਤੇ ਦੇਸ ਸੇਵਾ ਦੀ ਅਤੇ ਕਾਹਲੀ ਆਸ਼ਕੀ ਵਾਲੇ ਅਨਿੰਨ ਪਰਵਾਰੇ ਉਪਜੇ ਤਾਂ ਅਸਾਡੇ ਸ਼ੇਰ ਦਿਲ ਸ਼ੇਰ ਦੀਆਂ ਭਬਕਾਂ ਨੂੰ ਭੀ ਮਾਤ ਕਰਨਹਾਰੇ ਫ਼ਖ਼ਰੇ ਕੌਮ ਮਾਸਟਰ ਮੋਤਾ ਸਿੰਘ ਜੀ ਅਨੰਦਪੁਰੀ ਅਕਾਲੀ ਉਪਜੇ, ਜਿਨ੍ਹਾਂ ਨੇ ਆਪਣੀ ਕੁਰਬਾਨੀ ਦਾ ਮੁੱਢ ਅਸਾਡੇ ਨਾਲ ਹੀ ਗੁਰਦਵਾਰਾ ਰਕਾਬ ਗੰਜ ਦੀ ਸੇਵਾ ਤੋਂ ਬੰਨ੍ਹਿਆਂ। ਉਸ ਸਮੇਂ ਦੇ ਇਕੋ ਇਕ ਉਘੇ ਪੰਥ ਅਖਬਾਰ 'ਖਾਲਸਾ ਅਖਬਾਰ' ਦੀ ਅਰੰਭਕ ਧੜੱਲੇਦਾਰ ਐਡੀਟਰੀ ਦੀ ਧਾਂਕ ਪਾਈ, ਤਾਂ ਮਾਸਟਰ ਮੋਤਾ ਸਿੰਘ ਜੀ ਨੇ ਪਾਈ। ਪਿਛੋਂ ਮਾਰਸ਼ਲ-ਲਾਅ ਦੇ ਸਮੇ ਪੰਥ ਦੀ ਰੱਖ ਵਿਖਾਈ ਤਾਂ ਇਸੇ ਮੁਕਟ ਮੋਤੀਸ਼ਰ ਨੇ ਰੱਖ ਵਿਖਾਈ। ਫੇਰ ਸਤਿਗੁਰੂ ਨੇ ਏਸ ਜੰਗ ਬਹਾਦਰ

ਨੂੰ ਪ੍ਰੇਰ ਕੇ ੧੯੧੪ ਵਾਲੇ ਸ਼ਹੀਦਾਂ ਅਤੇ ਉਮਰ ਕੈਦੀਆਂ ਦੀਆਂ ਕਰਨੀਆਂ ਉਤੇ ਫੁੱਲ ਚੜ੍ਹਾਇ ਕੇ ਦੇਸ ਅਤੇ ਕੌਮ ਨੂੰ ਆਪਣੀ ਗਰਜਵੀਂ ਅਵਾਜ਼ ਨਾਲਿ ਹਲੂਣਿਆ ਅਤੇ ਆਪ ਖ਼ੁਦ ਅਗਿਣਤ ਕਾਰਨਾਮਿਆ ਕਰਿ ਬੜੇ ਤਸੀਹੇ ਸਹੇ ਅਤੇ ਜਫਰ ਜਾਲੇ, ਜਿਨ੍ਹਾਂ ਦੀ ਦਾਸਤਾਨ ਅਸਾਡੇ ਹਿਰਦੇ ਉਤੇ ਅਤਿ ਉਚ ਜ਼ਿਕਰੇ ਖ਼ੈਰ ਨਾਲ ਉਕਰੀ ਪਈ ਹੈ। ਸਤਿਗੁਰੂ ਨੇ ਹੀ ਇਸ ਵਿਅਕਤੀ ਵਿਖੇ ਇਹ ਅਮਿੱਤ ਬਲ ਪ੍ਰਦਾਨ ਕਰ ਕੇ ਅਟੁਟ ਕੁਰਬਾਨੀਆਂ ਕਰਾਈਆਂ। ਗੁਰੂ ਬਰਕਤਾਂ ਤੇ ਗੁਣ ਹੀ ਗੁਣ ਅਸਾਡੇ ਚੇਤੇ ਹਨ ਅਤੇ ਇਹੋ ਕਹਿਣੇ ਚਾਹੀਏ।

ਪੁਰਾਤਨ ਪਾਰਗਰਾਮੀ ਸੌ ਸਾਖੀਆਂ ਅੰਦਰ ਬਿਦਤਾਏ "ਮੇਰੋ ਇਕ ਵਣਜਾਰੇ ਸਿੱਖ" ਸ੍ਰੀ ਮਾਨ ਪ੍ਰਸਿਧ ਬਾਬਾ ਗੁਰਦਿਤ ਸਿੰਘ ਜੀ ਦੀਆਂ ਸ਼ੁਭ ਕਰਨੀਆਂ ਦਾ ਚੇਤਾ ਭੀ ਸਾਨੂੰ ਵਿਗਸਾਇ ਫੁਲਾਇ ਰਿਹਾ ਹੈ।

ਅਸਾਡੀ ਲੰਬੀ ਜੇਲ੍ਹ ਯਾਤਰਾ ਦੇ ਸਮੇਂ ਅੰਦਰ ਫੇਰ ਅਨੇਕਾਂ ਹੀ ਇਕ ਦੂੰ ਇਕ ਚੜ੍ਹਦੀਆਂ ਕੁਰਬਾਨੀਆਂ-ਪੰਜ ਪੰਥਕ ਹਸਤੀਆਂ ਉਪਜੀਆਂ, ਜਿਨ੍ਹਾਂ ਦਾ ਟੂਕ ਮਾਤਰ ਰਮਜ਼ ਚੇਤਾਵਨੀ ਏਥੇ ਚਿਤਾਰਨੀ ਕਾਫ਼ੀ ਹੋਊ। ਹਜ਼ਾਰੀ ਬਾਗ਼ ਦੀ ਜੇਲ੍ਹ ਅੰਦਰ ਸਾਨੂੰ ਸਭ ਤੋਂ ਪਹਿਲਾਂ ਮੁਖੀ ਪੰਥ ਨਵ ਯੁਵਕਾਂ ਵਿਚੋਂ ਗਿਆਨੀ ਸਰਦੂਲ ਸਿੰਘ ਕਵੀਸ਼ਰ ਦਾ ਉਘਾ ਨਾਉਂ ਵਿਦਮਾਨ ਹੋਇਆ। ਇਹਨਾਂ ਨੇ ਹੰਭਲਾ ਮਾਰ ਕੇ ਅਤੇ ਪੁਰਾਤਨ ਬਹਾਦਰ ਸਿੰਘਾਂ ਵਾਲਾ ਮਾਰਗ ਵਿਖਾ ਕੇ ਗੁਰਦਵਾਰਾ ਰਕਾਬ ਗੰਜ ਦੀ ਰਹਿੰਦੀ ਸੇਵਾ ਨੂੰ ਸਰਅੰਜਾਮ ਦਿੱਤਾ। ਓਹਨਾਂ ਦੀ ਲਿਖਤੀ ਇਕ ਕਿਤਾਬ ਅਸਾਨੂੰ ਪਹਿਲੇ ਪਹਿਲ ਜੇਲ੍ਹ ਵਿਚ ਮਿਲੀ, ਜਿਸ ਤੋਂ ਅਸਾਨੂੰ "ਸ੍ਰੀ ਨਨਕਾਣੇ ਸਾਹਿਬ" ਦੇ ਸਾਕੇ ਦਾ ਸਮਾਚਾਰ ਮਿਲਿਆ।

ਨਾਲ ਲਗਵੇਂ ਹੀ ਵੀਰ ਹੀਰਾ ਸਿੰਘ ਜੀ ਦਰਦ ਰਚਿਤ "ਦਰਦ ਸੁਨੇਹੇ" ਸਾਨੂੰ ਦੂਰ ਦਰਾਜ਼ ਬੈਠਿਆਂ ਨੂੰ ਮਿਲੇ ਅਤੇ ਸ੍ਰੀ ਨਨਕਾਣਾ ਸਾਹਿਬ ਦੇ ਦਰਦਨਾਕ ਸਾਕੇ ਦੀ ਤਸਵੀਰ ਅਸਾਡੇ ਸਾਹਮਣੇ ਖੜੀ ਹੋ ਗਈ। ਸ਼ਹੀਦ ਲਛਮਣ ਸਿੰਘ, ਦਲੀਪ ਸਿੰਘ ਅਤੇ ਸਮੂਹ ਸ਼ਹੀਦਾਂ ਦੀਆਂ ਸ਼ਹੀਦੀਆਂ ਅਸਾਡੀਆਂ ਦਿਲ ਦੀਆਂ ਤਖ਼ਤੀਆਂ ਉਤੇ ਅੰਕਰਾਈਆਂ ਤਾਂ ਏਹਨਾਂ ਵੀਰਾਂ ਹੀ ਅੰਕਰਾਈਆਂ। ਏਹਨਾਂ ਦੋਹਾਂ ਵੀਰਾਂ ਦੀ ਉਘੀ ਪੰਥ ਅਤੇ ਦੇਸ਼ ਸੇਵਾ ਕਦੇ ਭੀ ਅਖੀਓਂ ਓਹਲੇ ਨਹੀਂ ਕੀਤੀ ਜਾ ਸਕਦੀ। ਬਲਕਿ ਉਸਦੀ ਯਾਦ ਮਾਤ੍ਰ ਹੀ ਹਿਰਦਿਆਂ ਨੂੰ ਤਰੋ ਤਾਜ਼ਾ ਕਰ ਰਹੀ ਹੈ।

ਹਜ਼ਾਰੀ ਬਾਗ਼ ਜੇਲ੍ਹ ਵਿਚੋਂ ਰਾਜ ਮੰਦਰੀ ਜੇਲ੍ਹ ਦਾ ਚਲਾਣ ਹੋਣ ਸਮੇਂ ਕਈਆਂ ਸਾਲਾਂ ਪਿਛੋਂ ਅਸਾਨੂੰ ਬਾਹਰਲੀ ਹਵਾ ਲਗੀ। ਤਾਂ ਅਸਾਨੂੰ ਪੰਥਕ ਕਾਰਨਾਮਿਆਂ ਦੀਆਂ ਬੇਅੰਤ ਹੀ ਪਵਨ ਝਕੋਲੀਆਂ ਸੁਗੰਧਾਂ ਆਈਆਂ। ਹੁਣ ਤਾਂ ਅਸਾਨੂੰ ਪੰਥਕ ਅਖ਼ਬਾਰਾਂ ਦੀਆਂ ਭੀ ਉਡੰਤ ਆਗਮਨੀਆਂ ਹੋਣ ਲਗ ਪਈਆਂ। ਪੰਥ ਨਵਲ, ਨਵਲ ਪੰਥ ਸੇਵਕਾਂ ਦੇ ਨਾਉਂ ਅਤੇ ਓਹਨਾਂ ਦੀਆਂ ਅਦੁਤੀ ਕੁਰਬਾਨੀਆਂ ਦੀ ਸੋਇ ਸੁਣਿ ਸੁਣਿ ਕੇ ਹੀ ਕ੍ਰਿਤ ਕ੍ਰਿਤ ਹੋਇ ਜਾਂਦੇ ਰਹੇ।

ਸਰਦਾਰ ਖੜਕ ਸਿੰਘ ਦਾ ਨਾਮ ਭੀ ਅਸਾਨੂੰ ਰਾਜ ਮੰਦਰੀ ਜਾ ਕੇ ਵਿਦਤ ਹੋਇਆ। ਜਿਸ ਜੁੜਵੇਂ ਪਿਆਰ ਸਤਿਕਾਰ ਨਾਲ ਸਰਦਾਰ ਖੜਕ ਸਿੰਘ ਜੀ ਅਤੇ ਮਾਸਟਰ ਤਾਰਾ ਸਿੰਘ ਜੀ, ਮਾਸਟਰ ਤਾਰਾ ਸਿੰਘ ਜੀ ਅਤੇ ਗਿਆਨੀ ਸ਼ੇਰ ਸਿੰਘ ਜੀ, ਗਿਆਨੀ ਸ਼ੇਰ ਸਿੰਘ ਜੀ ਅਤੇ ਸ: ਮੰਗਲ ਸਿੰਘ ਜੀ, ਸਰਦਾਰ ਮੰਗਲ ਸਿੰਘ ਜੀ ਅਤੇ ਸਰਦਾਰ ਬਹਾਦਰ ਮਹਿਤਾਬ ਸਿੰਘ ਜੀ, ਸਰਦਾਰ ਮਹਿਤਾਬ ਸਿੰਘ ਜੀ ਅਤੇ ਪੰਥ ਦੇ ਪ੍ਰਸਿੱਧ ਤੇ ਨਿਰਭੈ ਯੋਧੇ ਝਬਾਲ ਬ੍ਰਾਦਰਜ਼ ਸ੍ਰੀ ਯੁਤ ਸਰਦਾਰ ਅਮਰ ਸਿੰਘ ਜੀ ਸਾਹਿਬ, ਸਰਦਾਰ ਸਰਮੁਖ ਸਿੰਘ ਜੀ ਅਤੇ ਸਰਦਾਰ ਜਸਵੰਤ ਸਿੰਘ ਜੀ ਸਾਹਿਬਾਨ ਪ੍ਰਸਪਰ ਮਿਲ ਕੇ ਅਤੇ ਇਕ ਜਾਨ ਹੋ ਕੇ ਪੰਥ ਸੇਵਾ ਵਿਖੇ ਜੁਟੇ ਰਹਿੰਦੇ ਸਨ, ਓਹ ਦਿਵਸ ਪੰਥ ਦੇ ਸੁਨਹਿਰੀ ਇਤਿਹਾਸ-ਪਤਰਿਆਂ-ਪੂਰਤ ਹੈ। ਓਦੋਂ ਕੋਈ ਕਿਸੇ ਦੀ ਤਤੀ ਵਾਉ ਭੀ ਸਹਾਰਨ ਦਾ ਰਵਾਦਾਰ ਨਹੀਂ ਸੀ ਹੁੰਦਾ।

ਪਿਆਰੇ ਵੀਰਨੋ ਗੁਰ ਤੁੱਠੇ ਸੱਚੇ ਪਾਤਸ਼ਾਹ ਨੇ ਤੁਸਾਡੇ ਪਾਸੋਂ ਵਧ ਤੋਂ ਵਧ ਪੰਥ ਦੀਆਂ ਖ਼ਿਦਮਤਾਂ ਲਈਆਂ ਹਨ। ਅਸਾਡੀ ਅਰਦਾਸ ਹੈ ਕਿ ਤੁੱਠਾ ਸਾਹਿਬ ਤੁਸਡੀਆਂ ਉਕਤ ਖ਼ਿਦਮਤਾਂ ਦਾ ਸਿਲਾ ਤੁਸਾਨੂੰ ਇਹੋ ਬਖ਼ਸ਼ੇ ਕਿ ਤੁਸਾਡੇ ਅੰਦਰ ਪ੍ਰਸਪਰ ਓਹੋ ਪਿਆਰ-ਕਣੀ ਪ੍ਰਵੇਸ਼ ਹੋਵੇ ਤੇ ਤੁਸਾਡੀਆਂ ਮਤਸਰਾ ਅਤੇ ਸ਼ਕਰ-ਰੰਜੀਆਂ ਦਾ ਵਿਨਾਸ ਹੋਵੇ।

www.AKJ.Org

ਪੰਥ ਦੀ ਚੜ੍ਹਦੀ ਕਲਾ ਕਦੋਂ ਹੋਣੀ ਹੈ?-

ਗੁਰੂ ਨੇ ਆਪਣੇ ਪੰਥ ਦੀ ਚੜ੍ਹਦੀ ਕਲਾ ਜ਼ਰੂਰ ਰਖਣੀ ਹੈ, ਅਰ "ਨਾਨਕ ਨਾਮ ਚੜ੍ਹਦੀ ਕਲਾ" ਵਾਲਾ ਹੁਲਾਰਾ ਜਦੋਂ ਕਦੀ ਵੱਜਿਆ ਹੈ ਅਤੇ ਵਜਣਾ ਹੈ ਤਾਂ ਨਾਮ ਬਾਣੀ ਦੀਆਂ ਅਤੁੱਟ ਕਮਾਈਆਂ ਦੁਆਰਾ ਹੀ ਵਜਿਆ ਹੈ ਤੇ ਵਜਣਾ ਹੈ। ਨਾਮ ਦੁਆਰਾ ਹੀ ਚੜ੍ਹਦੀ ਕਲਾ ਹੈ। ਨਾਮ ਕਮਾਈਆਂ ਦੁਆਰਾ ਪਹਿਲਾਂ ਚੜ੍ਹਦੀ ਕਲਾ ਵਾਲੇ ਜੋਤਿ-ਜੀਵਨ ਪੈਦਾ ਹੋਣੇ ਹਨ, ਫਿਰ ਓਹਨਾਂ ਚੜ੍ਹਦੀ ਕਲਾ ਵਾਲੇ ਜੋਤਿ-ਜੀਵਨੀ-ਖਾਲਸ-ਜਨਾਂ ਦੇ ਸਮੁਦਾਇ ਦੁਆਰਾ ਸਰਬੱਤ ਦਾ ਭਲਾ ਹੋਣਾ ਹੈ। ਨਵੀਆਂ ਰੂਹਾ ਭੀ ਪੈਦਾ ਹੋਣਗੀਆਂ ਅਤੇ ਪੁਰਾਣੀਆਂ ਰੂਹਾਂ ਸੁਰਜੀਤ ਹੋ ਕੇ ਜਦੋਂ ਨਵ-ਜੀਵਨੀ ਰੂਹਾਂ ਹੋ ਜਾਣਗੀਆਂ ਤਾਂ ਓਹ ਭੀ ਆਉਣ ਵਾਲੀ ਸਰਬੱਤ ਦੇ ਭਲੇ ਵਾਲੀ ਸਾਂਝੀਵਾਲਤਾ ਵਿਚ ਭਾਈਵਾਲ ਹੋਣਗੀਆਂ। ਪਿੱਛੇ ਵੀ ਜੋ ਕਲਾ ਵਰਤੀ, ਉਹ ਨਾਮ ਕਮਾਈ ਵਾਲਿਆਂ ਦੀ ਬਰਕਤ ਸੀ। ਅਨੇਕ ਗੁਪਤ ਪ੍ਰਗਟ ਜੀਵਨ ਜੇਲ੍ਹ ਅੰਦਰ ਬੈਠੇ ਅਤੇ ਬਾਹਰ ਬਿਚਰਦੇ ਹੋਏ ਓਹਨੀਂ ਦਿਨੀਂ ਨਾਮ ਦੀਆਂ ਸਿਰਤੋੜ ਅਭਿਆਸ ਕਮਾਈਆਂ ਕਰ ਰਹੇ ਸਨ, ਜਿਨ੍ਹਾਂ ਦਾ ਪ੍ਰਭਾਵ ਸਾਰੇ ਪੰਥ ਵਿਖੇ ਵਰਤ ਰਿਹਾ ਸੀ, ਹੁਣ ਭੀ ਵਰਤੇਗਾ।

ਗੁਰੂ ਸੱਚਾ ਪਾਤਸ਼ਾਹ ਆਪਣੇ ਪੰਥ ਦਾ ਆਪ ਵਾਲੀ ਹੈ। ਮਤ ਕੋ ਕਿਸੇ ਨੂੰ ਇਹ ਗੁਮਾਨ ਰਹੇ ਕਿ ਕਿਸੇ ਖ਼ਾਸ ਪੰਥਕ ਆਗੂ ਦੀ ਕੁਰਬਾਨੀ ਬਿਨਾਂ ਪੰਥ ਨੇ ਨਹੀਂ ਉਭਰਨਾ। ਕੁਰਬਾਨੀ ਕਰਨ ਕਰਾਵਨਹਾਰਾ ਸਤਿਗੁਰ ਆਪ ਹੈ।

ਕਾਠ ਕੀ ਪੁਤਰੀ ਕਹਾ ਕਰੈ ਬਪੁਰੀ ਖਿਲਾਵਨਹਾਰੋ ਜਾਨੈ॥੩॥

(੫॥੫॥੧੨੬) (ਗਉੜੀ ਮ: ੫, ਪੰਨਾ ੨੦੬)

ਇਸ ਵਿਚ ਰੰਚਕ ਸੰਦੇਹ ਨਹੀਂ ਕਿ ਗੁਰਦੁਆਰਾ ਸੁਧਾਰ ਲਹਿਰ ਵਿਚ ਜੋ ਜੋ ਨੁਮਾਇਆਂ ਖ਼ਿਦਮਤਾਂ ਪੰਥ ਦੇ ਉਘੇ ਨਾਵਾਂ ਵਾਲੇ ਸੇਵਕਾਂ ਨੇ ਕੀਤੀਆਂ ਹਨ, ਉਹ ਕਦੇ ਭੁਲਾਉਣ ਵਾਲੀਆਂ ਨਹੀਂ, ਤੇ ਨਾ ਕਦੇ ਓਹਨਾਂ ਦੀ ਸ਼ਲਾਘਾ ਘਟ ਹੋ ਸਕਦੀ ਹੈ। ਗੁਰਦਵਾਰਿਆਂ ਨੂੰ ਪੰਥ ਦੀ ਹਵਾਲਗੀ ਵਿਚ ਲਿਆਉਣ ਲਈ ਜੋ ਨਿਗਰ ਸੇਵਾ ਪੰਥ ਦੇ ਜਬਰਜੰਗ ਜੋਧਿਆਂ ਸ੍ਰੀ ਮਾਨ ਭਾਈ ਤੇਜਾ ਸਿੰਘ ਜੀ ਭੁੱਚਰ ਤੇ ਭਾਈ ਕਰਤਾਰ ਸਿੰਘ ਜੀ ਝੱਬਰ ਪਾਸੋਂ ਸਤਿਗੁਰੂ ਨੇ ਲਈ ਹੈ, ਉਸ ਸੇਵਾ ਦੇ ਗੁਣਾਂ ਨੂੰ ਪੰਥ ਕਦੇ ਨਹੀਂ ਭੁਲਾ ਸਕਦਾ। ਜਥੇਬੰਦੀ ਦੀ ਉਸਾਰੀ ਵਿਚ ਜੋ ਅਤੀ ਸ਼ਲਾਘਾ ਯੋਗ ਸੇਵਾ ਉਸ ਸਮੇਂ ਸਤਿਗੁਰੂ ਪੰਥ ਦੇ ਵਾਲੀ ਸ੍ਰੀ ਗੁਰੂ ਦਸਮੇਸ਼ ਜੀ ਨੇ ਆਪਣੇ ਪੰਥ ਸੇਵਕ ਸਰਦਾਰ ਖੜਕ ਸਿੰਘ ਜੀ, ਸਰਦਾਰ ਅਮਰ ਸਿੰਘ ਜੀ ਝਬਾਲੀਆ ਪਾਸੋਂ ਲਈ ਹੈ, ਇਹ ਸਦਾ ਸੁਨਹਿਰੀ ਅੱਖਰਾ ਨਾਲ ਲਿਖੀ ਜਾਣ ਵਾਲੀ ਹੈ। ਓਹਨਾਂ ਉਪਰ ਜਿੰਨਾ ਭੀ ਪੰਥ ਮਾਣ ਕਰੇ, ਥੋੜਾ ਹੈ।

ਪਿਆਰਿਓ! ਊਣਤਾਈਆਂ ਤੇ ਭੁਲਾਂ ਤਾਂ ਹੋਇਆ ਹੀ ਕਰਦੀਆਂ ਹਨ, ਪਰ ਕੌਣ ਕਹਿ ਸਕਦਾ ਹੈ ਕਿ ਗਿਆਨੀ ਸ਼ੇਰ ਸਿੰਘ ਨੇ ਮਾਸਟਰ ਤਾਰਾ ਸਿੰਘ ਤੇ ਮਾਸਟਰ ਤਾਰਾ ਸਿੰਘ ਨੇ ਭਾਈ ਸ਼ੇਰ ਸਿੰਘ ਗਿਆਨੀ ਦੇ ਹਮ-ਪੱਲਾ ਹੋ ਕੇ ਅਥੱਕ ਅਤੇ ਅਮੋਲਕ ਸੇਵਾ ਨਹੀਂ ਕੀਤੀ। ਉਹਨਾਂ ਦੇ ਇਹਨਾਂ ਗੁਣਾਂ ਨੂੰ ਭੁਲਾਉਣਾ ਅਯੋਗ ਹੈ। ਪਰ ਉਕਤ ਦੋਹਾਂ ਪੰਥ ਮੁਖੀਆਂ ਨੂੰ ਭੀ ਇਕ ਦੂਜੇ ਦੇ ਗੁਣ ਸਾਰਗ੍ਰਾਹੀ ਹੋਇ ਕੇ ਪ੍ਰਸਪਰ ਪ੍ਰੇਮ ਵਧਾਉਣਾ ਚਾਹੀਦਾ ਹੈ, ਨਾ ਕਿ ਇਕ ਦੂਜੇ ਦੀਆਂ ਭੁਲਾਂ ਵਲ ਵੰਗਾਰਿ ਵੰਗਾਰਿ ਕੇ ਵਧਣਾ ਚਾਹੀਦਾ ਹੈ। "ਸਾਝ ਕਰੀਜੈ ਗੁਣਹ ਕੇਰੀ ਛੋਡਿ ਅਵਗਣ ਚਲੀਐ" ਵਾਲੇ ਗੁਰਵਾਕ ਉਪਰ ਚਲਣਾ ਚਾਹੀਦਾ ਹੈ ਅਤੇ ਚਲ ਕੇ ਗੁਰੂ ਦੀਆਂ ਖੁਸ਼ੀਆਂ ਲੈਣੀਆਂ ਚਾਹੀਦੀਆਂ ਹਨ।

ਸ੍ਰੀ ਦਸਮੇਸ਼ ਜੀ ਦੇ ਪਵਿੱਤਰ ਅਵਤਾਰ ਦਿਹਾੜੇ ਦੀ ਯਾਦਗਾਰ ਵਿਚ ਅੱਜ ਜੇਕਰ ਇਹ ਕੋਈ ਪੰਥ ਭੂਸ਼ਨ ਖ਼ਾਸ ਕਰਕੇ ਤੇ ਹੋਰ ਸਾਰੇ ਮੁਖੀ ਸੇਵਕ ਆਪੋ ਆਪਣੀ ਮਤਸਰੀ ਧੜੇਬੰਦੀਆਂ ਨੂੰ ਛਡ ਦੇਣ ਤਾਂ ਉਨ੍ਹਾਂ ਦੀ ਏਸ ਕੁਰਬਾਨੀ ਦਾ ਸਦਕਾ ਤੁੱਠਾ ਪਾਤਸ਼ਾਹ ਓਹਨਾਂ ਦੇ ਅਵਗੁਣਾਂ ਉਤੇ ਮੇਹਰ ਦਾ ਪੜਦਾ ਪਾਏਗਾ। ਅੱਜ ਕਲ੍ਹ ਜਿੰਨੇ ਭੀ ਪੰਥ ਵਿਖੇ ਧੜੇ ਬਣ ਰਹੇ ਹਨ, ਇਹ ਸਭ ਇਕ ਦੂਜੇ ਦੇ ਅਵਗੁਣ ਚਿਤਾਰਨ ਅਤੇ ਛਿੱਦਰ ਫੋਲਣ ਦੇ ਕਾਰਨ ਹੋਏ ਹਨ। ਜੇਕਰ ਸਿਰਲੇਖ ਵਿਚ ਦਿਤੇ ਗੁਰਪ੍ਰਮਾਣਾਂ ਦੀ ਪੂਰਨ ਵਰਤੋਂ ਇਸ ਲੇਖ ਦੇ ਮੁਢ ਵਿਚ ਦਿਤੀ ਬਿਧੀ ਅਨੁਸਾਰ ਕੀਤੀ ਜਾਵੇ ਤਾਂ ਸਭ ਝਗੜੇ ਮਿੱਟ ਸਕਦੇ ਹਨ।

(ਬਾਕੀ ਪੰਨਾ ੧੦ ਤੇ ...)

# ਗੁੱਤਾਂ ਨੂੰ ਛਡੋਂ ਭੈਣੋ ਪਹਿਰੋ ਦਸਤਾਰ ਨੂੰ

(ਭਾਈ ਪ੍ਰਭਦਿਆਲ ਸਿੰਘ ਜੀ)

ਸਾਬਤ ਹੀ ਸੂਰਤ ਭੈਣੋ, ਭਾਵੇਂ ਕਰਤਾਰ ਨੂੰ।
ਲਾਹੋ ਪਰਾਂਦਾ ਸਿਰ ਤੋਂ ਗੰਦੇ ਇਸ ਭਾਰ ਨੂੰ,
ਗੁਤਾਂ ਨੂੰ ਛਡੋਂ ਭੈਣੋਂ, ਪਹਿਰੋ ਦਸਤਾਰ ਨੂੰ
ਗੁਤਾਂ ਨੂੰ ਛਡੋਂ ਭੈਣੋਂ, ਪਹਿਰੋ ਦਸਤਾਰ ਨੂੰ

ਸੀਸ ਤੇ ਕੇਸ, ਇਹ ਤਾ ਰੱਬੀ ਸੁਗਾਤ ਏ।।
ਦਸਤਾਰ ਦਾ ਫ਼ੈਸ਼ਨ ਭੈਣੋਂ ਬਖ਼ਸ਼ੀ ਇਹ ਦਾਤ ਏ।।
ਛਡੋਂ ਇਹ ਮੇਕ-ਅਪ ਕਰਨਾ ਭੈੜੇ, ਰਿਵਾਜ ਨੂੰ।।
ਗੁਤਾਂ ਨੂੰ ਛਡੋਂ ਭੈਣੋਂ ਪਹਿਰੋ ਦਸਤਾਰ ਨੂੰ।।

ਅੰਮ੍ਰਿਤ ਦਾ ਵੇਲਾ ਭੈਣੋਂ ਦਾਤਾਰ ਦੀ ਯਾਦ ਦਾ।।
ਨਿਤਨੇਮ ਤੇ ਸੰਗਤ ਕਰਨਾ ਰੋਜ਼ ਅਰਦਾਸ ਦਾ।।
ਗੁਰਮੁਖ ਦਾ ਸੰਗ ਮੰਗਣਾ ਮਨਮੁਖ ਦੇ ਤਿਆਗ ਦਾ।।
ਪੜ੍ਹਨਾ ਗੁਰਮਤਿ ਦਾ ਪਾਠ, ਨਾਜੇ ਇਤਹਾਸ ਦਾ।।
ਬਾਣੀ ਸਮਝ ਕੇ ਪੜ੍ਹਨੀ, ਦਸਣਾ ਸੰਸਾਰ ਨੂੰ।।
ਗੁਤਾਂ ਨੂੰ ਛਡੋ ਭੈਣੋਂ ਪਹਿਰੋ ਦਸਤਾਰ ਨੂੰ
ਰਖਣਾ ਹੁਣ ਯਾਦ ਸਦਾ ਦਿਆਲੂ ਦਾਤਾਰ ਨੂੰ
ਗੁਤਾਂ ਨੂੰ ਛਡੋ ਭੈਣੋ ਪਹਿਰੋ ਦਸਤਾਰ ਨੂੰ

ਪੜਕੇ ਗੁਰਬਾਣੀ ਨੂੰ ਅਮਲ ਵਿਚ ਲਿਆਨਾ ਏ।
ਰਹਿਤ ਵਿਰ ਰਹਿ ਕੇ ਅਸੀਂ ਖਾਲਸਾ ਬਣ ਜਾਣਾ ਏ
ਗੁਰੂ ਦਾ ਹੁਕਮ ਮਨ ਕੇ ਸਤਿਗੁਰੂ ਨੂੰ ਭਾਣਾ ਏ।।
ਪੰਥ ਵਿਚ ਰਹਿ ਕੇ ਅਤੇ ਸਦਾ ਕਮਾਣਾ ਏ।।
ਭੁਲਨਾ ਨਹੀ ਰਹਿਰਾਸ ਤੇ ਸੋਹਿਲੇ ਦੇ ਪਾਠ ਨੂੰ
ਗੁਤਾਂ ਨੂੰ ਛਡੋਂ ਭੈਣੋਂ ਪਹਿਰੋ ਦਸਤਾਰ ਨੂੰ।।

ਅੰਮ੍ਰਿਤਧਾਰੀ ਬਣ ਕੇ ਸਭ ਨੂੰ ਬਨਾਣਾ ਏ।
ਕਰਨਾ ਪ੍ਰਚਾਰ ਸਦਾ ਤੇ ਅੰਮ੍ਰਿਤ ਛਕਵਾਉਣਾ ਏ
ਹਰ ਇਕ ਗੁਰਦੁਆਰੇ ਅੰਦਰ ਗੁਰਮਤਿ ਪੜਾਨਾ ਏ।
ਹਰ ਘਰ 'ਚ ਬੇਨਤੀ ਕਰਨੀ ਸੰਗਤ ਵਿਚ ਜਾਣਾ ਏ।।
ਛਡੋ ਨਾ ਸੇਵਾ ਸੱਚੀ ਹੁਕਮ ਕਮਾਣ ਨੂੰ
ਛਡੋ ਹੁਣ ਗੁਤਾਂ ਨੂੰ ਪਹਿਰੋ ਦਸਤਾਰ ਨੂੰ

ਗੁਰਮਤ ਦੀ ਸਿਖਿਆ ਲੈ ਲਉ ਗੁਤਾ ਦੀ ਲੋੜ ਨਹੀਂ
ਦਸਤਾਰ ਜੇ ਬੰਨ੍ਹੀ ਭੈਣੋ ਟੋਪ ਦੀ ਲੋੜ ਨਹੀਂ।।
ਸਕੂਟਰ ਜਾਂ ਮੋਪਿਡ ਚਲਾਣੀ ਹੁਣ ਪੁਛਣ ਦੀ ਲੋੜ ਨਹੀਂ।
ਕੋਠੀਆਂ ਕਾਰਾਂ ਦੀ ਅਜ ਤੁਹਾਨੂੰ ਕੋਈ ਲੋੜ ਨਹੀਂ।
ਦਾਤੇ ਤੋਂ ਤੋੜੇ ਦਾਤ ਜੋ ਛਡੋ ਉਸ-ਕਾਰ ਨੂੰ
ਛਡੋ ਹੁਣ ਗੁਤਾਂ ਭੈਣੋ ਪਹਿਰੋ ਦਸਤਾਰ ਨੂੰ

ਖਾਲਸਾ ਤੁਸੀਂ ਵੀ ਭੈਣੋਂ ਪੁਰਸ਼ ਜ਼ਰੂਰ ਨਹੀਂ।।
ਰਹਿਤ ਜੋ ਸਿਖ ਨਹੀਂ ਰਖਦਾ ਗੁਰੂ ਨੂੰ ਮਨਜ਼ੂਰ ਨਹੀਂ।।
ਰਹਿਣੀ ਵਿਚ ਸਿਖ ਜੋ ਰਹਿੰਦਾ ਗੁਰੂ ਨੂੰ ਭਾਦਾ ਏ।।
ਅੰਮ੍ਰਿਤ ਦੀ ਦਾਤ ਲੈ-ਕੇ ਸਾਹਿਬ ਕਹਾਂਦਾ ਏ।।
ਕਰਨੀ ਜੋ ਗੁਰੂ ਨੇ ਕੀਤੀ ਹੁਣ ਲੋੜ ਸਿਰਦਾਰ ਨੂੰ
ਗੁਤਾਂ ਨੂੰ ਛੱਡੋ ਭੈਣੋ ਪਹਿਰੋ ਦਸਤਾਰ ਨੂੰ
ਛਡੋ ਇਸ ਮੇਕ-ਅਪ ਕਰਨਾ ਭੈੜੇ ਰਿਵਾਜ ਨੂੰ
ਗੁਤਾਂ ਨੂੰ ਛਡੋ ਭੈਣੋ ਪਹਿਰੋ ਦਸਤਾਰ ਨੂੰ
ਗੁਤਾਂ ਨੂੰ ਛੱਡੋ ਭੈਣੋ ਪਹਿਰੋ ਦਸਤਾਰ ਨੂੰ

---

(ਪੰਨਾ ੯ ਦਾ ਬਾਕੀ ....)

ਐ ਪੰਥ ਭੂਸ਼ਨੋ ਅਤੇ ਪੰਥ ਮੁਖੀਓ ਤੇ ਪੰਥ ਪ੍ਰਸਿਧ ਸੇਵਕ ਜਨੋ ਤੁਸਾਡੀਆਂ ਸਾਰੀਆ ਕੀਤੀਆਂ ਖ਼ਿਦਮਤਾਂ ਅਤੇ ਕੁਰਬਾਨੀਆਂ ਦੇ ਸਿਰ ਕੁਰਬਾਨੀ ਤੁਸਾਡੀ ਇਹ ਹੋਵੇਗੀ, ਜੇ ਅੱਜ ਦੇ ਪਵਿੱਤਰ ਦਿਹਾੜੇ ਤੁਸੀਂ ਆਪੋ ਆਪਣੀਆਂ ਮਨ ਦੀਆਂ ਮਤਸਰਾਂ ਛੱਡਦੇ ਹੋਏ ਇਕ ਦੂਜੇ ਦੇ ਜਾਵੋਗੇ ਅਤੇ ਧੜੇਬੰਦੀਆਂ ਤੇ ਚੌਧਰਾ ਦੇ ਕੁਚੱਸਕੇ ਨੂੰ ਛਡਦੇ ਹੋਏ ਇਕ ਦੂਜੇ ਦੇ ਗੁਣ-ਗ੍ਰਾਹੀ ਹੋਣ ਦੀਆਂ ਪਧਰੀਆਂ ਪਾੜੀਆਂ (ਪਟੜੀਆ) ਤੇ ਪੈ ਜਾਵੋਗੇ ਅਤੇ ਗੁਰਮਤਿ ਦੇ ਉਚ ਆਦਰਸ਼ ਅਨੁਸਾਰ ਇਸ ਗੁਰਵਾਕ ਨੂੰ ਆਪਣੇ ਉਪਰ ਘਟਾਉਣ ਦੀਆ ਖੁਸ਼ੀਆਂ ਪ੍ਰਾਪਤ ਕਰੋਗੇ:-

ਸਭੁ ਕੋ ਮੀਤੁ ਹਮ ਆਪਨ ਕੀਨਾ ਹਮ ਸਭਨਾ ਕੇ ਸਾਜਨ।।
ਦੂਰਿ ਪਰਾਇਓ ਮਨ ਕਾ ਬਿਰਹਾ ਤਾਂ ਮੇਲੁ ਕੀਓ ਮੇਰੈ ਰਾਜਨ।।
ਬਿਨਸਿਓ ਢੀਠਾ ਅੰਮ੍ਰਿਤੁ ਵੂਠਾ ਸਬਦੁ ਲਗੋ ਗੁਰ ਮੀਠਾ।।
ਜਲਿ ਥਲਿ ਮਹੀਅਲਿ ਸਰਬ ਨਿਵਾਸੀ ਨਾਨਕ ਰਮਈਆ ਡੀਠਾ ।।੪।।੩।।

(ਧਨਾਸਰੀ ਮ: ੪, ਪੰਨਾ ੬੭੧)


www.AKJ.Org

# ਅੰਡਿਆਂ ਤੋਂ ਦਿਲ ਦੇ ਦੌਰੇ ਦੀ ਚੇਤਾਵਨੀ : ਸ਼ਾਕਾਹਾਰੀ ਭੋਜਨ ਹੀ ਸਭ ਤੋਂ ਵਧੀਆ

ਮਨੁੱਖ ਦੇ ਸ਼ਾਕਾਹਾਰੀ ਭੋਜਨ ਖਾਣ ਤੇ ਜ਼ੋਰ ਦੇਣ ਲਈ ਦਿੱਲੀ ਦੀ 'ਨਵ ਜੀਵਨ ਦਇਆ ਮੰਡਲ' ਨਾਮੀ ਸੰਸਥਾ ਨੇ ਆਪਣੇ ਪਰਚੇ ਵਿਚ ੧੯੯੫ ਦੇ ਨੋਬਲ ਪੁਰਸਕਾਰ ਜੇਤੂ ਅਮਰੀਕਾ ਦੇ ਦਿਲ ਦੇ ਰੋਗਾਂ ਦੀ ਖੋਜ ਦੇ ਮਾਹਿਰ ਡਾਕਟਰ ਮਾਈਕਲ ਐਸ.ਬਰਾਊਨ ਤੇ ਡਾ: ਜੋਜ਼ਫ ਐਸ. ਗੋਲਡਸਟੀਨ ਦੇ ਹਵਾਲੇ ਨਾਲ ਦਿਲ ਦੇ ਰੋਗਾਂ ਤੋਂ ਬਚਣ ਲਈ ਅੰਡੇ ਮੀਟ ਨਾ ਖਾਣ ਦੀ ਸਲਾਹ ਦਿੱਤੀ ਹੈ ਕਿਉਂਕਿ ਇਨ੍ਹਾਂ ਵਿਚ ਕੋਲੈਸਟਰੋਲ ਦੀ ਮਾਤਰਾ ਬਹੁਤ ਵਧੇਰੇ ਹੁੰਦੀ ਹੈ। ਇਸ ਨਾਲ ਦਿਲ ਦਾ ਦੌਰਾ ਪੈਂਦਾ ਹੈ। ਇਸੇ ਸੰਸਥਾ ਨੇ ਇਹ ਵੀ ਦਾਅਵਾ ਕੀਤਾ ਹੈ ਕਿ ੧੪ ਮਈ, ੧੯੯੬ ਤੋਂ 'ਭਾਰਤ ਸਰਕਾਰ' ਨੇ ਆਪਣੀ ਨਵੀਂ ਨੀਤੀ ਵਿਚ ਆਪਣੇ ਸਾਰੇ ਸੰਚਾਰ ਸਾਧਨਾਂ ਆਕਾਸ਼ਵਾਣੀ, ਦੂਰ-ਦਰਸ਼ਨ ਆਦਿ ਅਤੇ ਸਕੂਲਾਂ, ਕਾਲਜਾਂ, ਹਸਪਤਾਲਾਂ, ਅਖ਼ਬਾਰਾਂ ਆਦਿ ਰਾਹੀਂ ਸ਼ਾਕਾਹਾਰੀ ਭੋਜਨ ਦੀ ਉਤਮਤਾ ਅਤੇ ਅੰਡਿਆਂ, ਮੱਛੀ ਮਾਸ ਆਦਿ ਖਾਣ ਨਾਲ ਪੈਦਾ ਹੋਣ ਵਾਲੇ ਰੋਗਾਂ ਦੀ ਜਾਣਕਾਰੀ ਸਿਹਤ ਸਿਖਿਆ ਮਾਧਿਅਮ ਰਾਹੀਂ ਦੇਸ਼ ਵਾਸੀਆਂ ਨੂੰ ਦੇਣ ਬਾਰੇ ਕਿਹਾ ਹੈ। ਉਕਤ ਸੰਸਥਾ 'ਨਵ-ਜੀਵਨ ਦਇਆ ਮੰਡਲ' ਨੇ ਆਪਣੀ ਕਿਤਾਬ ਵਿਚ ਅੰਡੇ ਮਾਸ ਨਾ ਖਾਣ ਦੀ ਦਿਤੀ ਚੇਤਾਵਨੀ ਦੇ ਨਾਲ ਹੀ ਇਨ੍ਹਾਂ ਪਦਾਰਥਾਂ ਨੂੰ ਖਾਣ ਨਾਲ ਅੰਤੜੀਆਂ ਦਾ ਕੈਂਸਰ, ਪੁਰਾਣੀ ਕਬਜ਼, ਬਵਾਸੀਰ, ਪੇਟ ਵਿਚ ਜਲਣ, ਏਲਰਜੀ ਤੇ ਗੁਰਦਿਆਂ ਦੀ ਬੀਮਾਰੀ ਹੋ ਜਾਣ ਬਾਰੇ ਕਿਹਾ ਹੈ। ਸ਼ਕਾਹਾਰੀ ਭੋਜਨ ਵਿਚ 'ਪ੍ਰੋਟੀਨ' ਆਦਿ ਪੌਸ਼ਟਿਕ ਤੱਤ ਕਾਫੀ ਮਾਤਰਾ ਵਿਚ ਮਿਲਦੇ ਹਨ। ਅੰਡੇ, ਮੱਛੀ ਦੀ ਤੁਲਨਾ ਵਿਚ ਉਹ ਬਹੁਤ ਜ਼ਿਆਦਾ ਹਨ ਜੋ ਕਿ ਸਰਕਾਰ ਵਲੋਂ ਪ੍ਰਸਾਰਿਤ ਪੋਸ਼ਟਿਕ ਤੱਤ ਤੁਲਨਾਤਮਿਕ ਚਾਰਟ ਤੋਂ ਸਿੱਟ ਹੁੰਦਾ ਹੈ :-

### ਸ਼ਾਕਾਹਾਰੀ ਖ਼ੁਰਾਕ (ਹਰੇਕ ੧੦੦ ਗ੍ਰਾਮ ਵਿਚ)

| ਪਦਾਰਥ ਦਾ ਨਾਮ | ਪ੍ਰੋਟੀਨ | ਚਿਕਨਾਹਟ | ਖਣਿਜਪਦਾਰਥ | ਕਾਰਬੋਹਾਈਡਰੇਟ | ਕੈਲਸ਼ੀਅਮ | ਫਾਸਫੋਰਸ | ਲੋਹਾ | ਕੈਲੋਰੀ |
|---|---|---|---|---|---|---|---|---|
| | % | % | % | % | % | % | % | % |
| ਮੂੰਗੀ | 24.0 | 1.3 | 3.6 | 56.6 | 0.14 | 0.28 | 8.4 | 334 |
| ਮਾਂਹ | 24.0 | 1.4 | 3.4 | 60.3 | 0.20 | 0.37 | 9.8 | 350 |
| ਅਰਹਰ | 22.3 | 1.7 | 3.6 | 57.2 | 0.14 | 0.26 | 8.8 | 333 |
| ਮਸਰ | 25.1 | 0.7 | 2.1 | 59.7 | 0.13 | 0.25 | 2.0 | 346 |
| ਮਟਰ | 22.9 | 1.4 | 2.3 | 63.5 | 0.03 | 0.36 | 5.0 | 358 |
| ਛੋਲੇ | 22.5 | 5.2 | 2.2 | 58.9 | 0.07 | 0.31 | 8.9 | 372 |
| ਲੋਬੀਆ | 24.6 | 0.7 | 3.2 | 55.7 | 0.07 | 0.49 | 3.8 | 327 |
| ਸੋਇਆਬੀਨ | 43.2 | 19.5 | 4.6 | 20.9 | 0.24 | 0.69 | 11.5 | 432 |
| ਬਾਦਾਮ | 20.8 | 58.9 | 2.9 | 10.5 | 0.23 | 0.49 | 8.5 | 655 |
| ਕਾਜੂ | 21.2 | 46.9 | 2.4 | 22.3 | 0.05 | 0.45 | 5.4 | 596 |
| ਨਾਰੀਅਲ | 4.5 | 41.6 | 1.0 | 13.0 | 0.01 | 0.24 | 1.7 | 444 |
| ਮੂੰਗਫਲੀ | 31.5 | 39.8 | 2.3 | 19.3 | 0.05 | 0.39 | 1.6 | 549 |
| ਅਖਰੋਟ | 15.6 | 64.5 | 1.8 | 11.0 | 0.10 | 0.38 | 4.8 | 687 |
| ਮੇਥੀ | 26.2 | 5.8 | 3.0 | 44.1 | 0.16 | 0.37 | 14.1 | 333 |
| ਪਨੀਰ | 24.1 | 25.1 | 4.2 | 6.3 | 0.79 | 0.42 | 2.1 | 348 |
| ਘਿਓ | ..... | 98.0 | ..... | ..... | ...... | ..... | .... | 990 |
| ਸਪਰੇਟਾ ਦੁੱਧ (ਪਾਊਡਰ) | 38.8 | 0.1 | 6.8 | 51.8 | 1.37 | 1.00 | 1.4 | 357 |



www.AKJ.org

## ਮਾਸਾਹਾਰੀ ਖ਼ੁਰਾਕ (ਹਰੇਕ ੧੦੦ ਗ੍ਰਾਮ ਵਿਚ)

| ਪਦਾਰਥ ਦਾ ਨਾਂ | ਪ੍ਰੋਟੀਨ | ਚਿਕਨਾਹਟ | ਖਣਿਜਪਦਾਰਥ | ਕਾਰਬੋਹਾਈਡਰੇਟਸ | ਕੈਲਸ਼ੀਅਮ | ਫਾਸਫੋਰਸ | ਲੋਹਾ | ਕੈਲੋਰੀ |
|---|---|---|---|---|---|---|---|---|
| | % | % | % | % | % | % | % | % |
| ਅੰਡਾ | 13.3 | 13.3 | 1.9 | ----- | 0.06 | 0.22 | 2.1 | 173 |
| ਮੱਛਲੀ | 22.6 | 0.6 | 0.8 | ----- | 0.02 | 0.19 | 0.9 | 91 |
| ਬੱਕਰੇ ਦਾ ਮਾਸ | 18.5 | 13.3 | 1.3 | ----- | 0.15 | 0.15 | 2.5 | 194 |
| ਸੂਅਰ ਦਾ ਮਾਸ | 18.7 | 4.4 | 1.0 | ----- | 0.03 | 0.02 | 2.3 | 114 |

ਇਸ ਉਪਰ ਦਿੱਤੇ ਗਏ ਚਾਰਟ ਤੋਂ ਸਪੱਸ਼ਟ ਹੈ ਕਿ ਸ਼ਾਕਾਹਾਰੀ ਭੋਜਨ ਮਾਸਾਹਾਰੀ ਭੋਜਨ ਦੀ ਤੁਲਨਾ ਵਿਚ ਵਧੇਰੇ ਪੌਸ਼ਟਿਕ ਹੁੰਦਾ ਹੈ। ਇਸ ਪੱਤ੍ਰਿਕਾ ਵਿਚ ਇਹ ਦੱਸਿਆ ਗਿਆ ਹੈ ਕਿ ਮਾਸਾਹਾਰ ਦੇ ਕਾਰਨ ਹੀ ਦੇਸ਼ ਵਿਚ ਬੇਚੈਨੀ ਪਾਈ ਜਾ ਰਹੀ ਹੈ। ਮਾਰਧਾੜ ਦਾ ਬਾਜ਼ਾਰ ਗਰਮ ਹੈ, ਭਰਾ ਭਰਾ ਦੇ ਖ਼ੂਨ ਦਾ ਪਿਆਸਾ ਹੈ। ਇਸ ਵਿਚ ਇਹੀ ਸਲਾਹ ਦਿੱਤੀ ਗਈ ਹੈ ਕਿ ਮਾਸਾਹਾਰੀ ਪਦਾਰਥਾਂ ਨੂੰ ਛੱਡ ਕੇ ਇਸ ਦੀ ਥਾਂ ਤੇ ਸਵੇਰ ਦੇ ਨਾਸ਼ਤੇ ਵਿਚ ਦੁੱਧ ਦਲੀਆ ਤੇ ਫ਼ਲਾਂ ਦੇ ਰਸ ਦੀ ਵਰਤੋਂ ਕਰਨੀ ਚਾਹੀਦੀ ਹੈ। ਦੁਪਹਿਰ ਦੇ ਭੋਜਨ ਵਿਚ ਦਾਲ, ਰੋਟੀ, ਸਬਜ਼ੀ ਤੇ ਸਲਾਦ ਅਤੇ ਤਿੰਨ ਵਜੇ ਦੇ ਨਾਸ਼ਤੇ ਵਿਚ ਫਲਾਂ ਦਾ ਰਸ ਤੇ ਫ਼ਲ ਖਾਓ। ਸ਼ਾਮ ਛੇ ਵਜੇ ਦੇ ਭੋਜਨ ਵਿਚ ਦਾਲਾਂ ਦਾ ਸੂਪ, ਸਬਜ਼ੀਆਂ ਤੇ ਸੁੰਡ ਦੀ ਚੁਟਕੀ ਲੈਣੀ ਚਾਹੀਦੀ ਹੈ। ਦੇਸ਼ ਦੇ ਚਾਰ ਰਾਜਾਂ ਜਿਨ੍ਹਾ ਵਿਚ ਦਿੱਲੀ, ਰਾਜਸਥਾਨ, ਮੱਧ-ਪ੍ਰਦੇਸ਼ ਤੇ ਗੁਜਰਾਤ ਸ਼ਾਮਲ ਹਨ, ਸਰਕਾਰ ਨੇ ਆਪਣੇ ਆਪਣੇ ਰਾਜਾਂ ਵਿਚ ਮਾਸਾਹਾਰ ਨੂੰ ਉਤਸ਼ਾਹ ਦੇਣ ਵਾਲੀ ਸਿਖਿਆ ਬੰਦ ਕਰ ਦਿੱਤੀ ਹੈ।

ਰੋਜ਼ਾਨਾ ਜੱਗਬਾਣੀ, ਜਲੰਧਰ ਵਿਚ ਧੰਨਵਾਦ ਸਹਿਤ

## ਸਿੰਘ ਜੀ । ਕੁਝ ਹੋਸ਼ ਕਰੋ

(ਭਜਨੀਤ ਸਿੰਘ ਗੁਰੂ ਨਾਨਕ ਸਿੱਖ ਪਬਲਿਕ ਸਕੂਲ ਨਾਨਕਪੁਰੀ ਟਾਂਡਾ ਯੁ: ਪੀ.)

(ਇਹ ਕਵਿਤਾ ਅਪ੍ਰੈਲ ਅੰਕ ਵਿਚ ਛਪਣੀ ਸੀ ਪ੍ਰੰਤੂ ਕੁਝ ਲੇਟ ਹੋਣ ਕਾਰਨ ਛਪ ਨਹੀਂ ਸੀ ਸਕੀ। ਇਸ ਬੱਚੇ ਦੀ ਜਿੰਦਗੀ ਵਿਚ ਆਪਣੇ ਅਨੁਭਵ ਤੇ ਅਧਾਰਤ ਪਹਿਲੀ ਕਵਿਤਾ ਹੋਣ ਕਾਰਨ ਉਸਦਾ ਉਤਸਾਹ ਵਧਾਉਣ ਲਈ ਇਹ ਇਸ ਅੰਕ ਵਿਚ ਛਾਪੀ ਜਾ ਰਹੀ ਹੈ) ਸੰਪਾਦਕ

ਅਸੀਂ ਤਿੰਨ ਸੌ ਸਾਲਾ ਦਿਵਸ ਮਨਾਉਣਾ । ਸਮੁਚਾ ਪੰਥ, ਖਾਲਸਾ ਸਜਾਉਣਾ।
ਪਰ ਸਿੰਘ ਜੀ, ਕੁਝ ਹੋਸ਼ ਕਰੋ। ਕਕਾਰ ਆਪਣਿਆਂ ਦੀ ਸੰਭਾਲ ਕਰੋ।
ਇਕ ਛੋਟੀ ਝਾਕੀ ਪੇਸ਼ ਕਰਦਾ ਹਾਂ। ਪੰਥ ਦੀ ਹਾਲਤ ਤੋਂ ਜਾਣੂ ਕਰਦਾ ਹਾਂ।
ਇਕ ਕੀਰਤਨ'ਤੇ ਕੀ ਹੋਇਆ? ਇਕ ਅਜੀਬ ਜਿਹਾ ਕਾਰਾ ਸੀ ਹੋਇਆ?
ਗ੍ਰੰਥੀ ਸਿੰਘ ਕਰ ਰਹੇ ਅਰਦਾਸ। ਇਕ ਮਹਾਪੁਰਖ ਆਏ ਪਾਸ।
ਕੱਢ ਲੈ ਗਏ ਉਹਨਾਂ ਦੀ ਕਿਰਪਾਨ। ਖਾਲੀ ਰਹਿ ਗਿਆ ਆਪ ਜੀ ਦਾ ਮਿਆਨ।
ਉਸੇ ਕਿਰਪਾਨ ਨਾਲ ਦੇਗ ਦਰ ਪ੍ਰਵਾਨ ਹੋਈ। ਗ੍ਰੰਥੀ ਜੀ ਦੇ ਭਾਣੇ ਕੋਈ ਵੀ ਭੁੱਲ ਨਾ ਹੋਈ।
ਹੁਕਮਨਾਮੇ ਤੋਂ ਬਾਦ, ਲਈ ਆਪਣੀ ਕਿਰਪਾਨ। ਬੜੇ ਸਹਿਜ ਨਾਲ ਪਾਈ ਵਿਚ ਮਿਆਨ।
ਕੀ ਅਜਿਹਾ ਹੀ ਸਮੁੱਚਾ ਪੰਥ ਬਣੇਗਾ? ਤੇ ਅਜਿਹੇ ਹੀ ਕਾਰਨਾਮੇ ਕਰੇਗਾ?
ਇਹ ਤਾਂ ਹਾਲਾਂ ਬਾਹਰੀ ਵਰਦੀ ਹੈ। ਫਿਰ ਵੀ ਇਤਨੀ ਢਿਲ ਹੈ।
ਮਨ ਦਾ ਕੀ ਹਾਲ ਹੋਏਗਾ? ਕੀ ਕਿਸੇ ਨੂੰ ਖਿਆਲ ਹੋਏਗਾ?
ਕੀ ਗੁਰੂ ਜੀ ਨੇ ਅਜਿਹਾ ਪੰਥ ਬਣਾਉਣਾ ਸੀ? ਉਹਨਾਂ ਅਜਿਹੇ ਪੰਥ ਲਈ ਸਰਬੰਸ ਦਾਨ ਕਰਨਾ ਸੀ?
ਕੀ ਅਸੀ ਉਹਨਾਂ ਦੇ ਉਪਦੇਸ਼ਾਂ ਦੇ ਉਲਟ ਨਹੀਂ? ਇਸੇ ਕਾਰਨ ਉਹਨਾਂ ਦੀ ਸਾਡੇ'ਤੇ ਖੁਸ਼ੀ ਨਹੀਂ।
ਉਧਰ ਅਕਾਲੀ ਲੀਡਰ ਲੜ ਰਹੇ ਹਨ। ਕੀ ਇਹ ਲੜਾਈਆਂ ਤਿੰਨ ਸੌ ਸਾਲਾ ਨੂੰ ਸਮਰਪਿਤ ਹਨ?
ਕੀ ਸੰਸਾਰ ਦੇ ਹੋਰ ਲੋਕ ਸਾਡਾ ਤਿੰਨ ਸੌ ਸਾਲਾ ਮਨਾਉਣਗੇ? ਫਿਰ ਸਾਡੇ ਖਾਲਸਾ ਪੰਥ ਦੇ ਆਗੂ ਕੀ ਕਰਨਗੇ?
ਮੂੰਹ ਚੁੱਕ ਕੇ ਵੇਖਣਗੇ ਜਾਂ ਕੁਝ ਕਰਨਗੇ? ਕੀ ਇਸ ਤਰਾਂ ਸਮੁੱਚਾ ਪੰਥ, ਖਾਲਸਾ ਜੀ ਸਜਣਗੇ?
ਕੀ ਲੀਡਰ ਵੀ ਇਸੇ ਤਰਾਂ ਮੂੰਹ'ਤੇ ਹੱਥ ਧਰਨਗੇ?
ਜਾਂ ਤਿੰਨ ਸੌ ਸਾਲਾ ਦਿਵਸ ਮਨਾਉਣ ਲਈ ਕੁਝ ਕਰਨਗੇ?

# ਚਾਹ-ਲਾਭਦਾਇਕ ਕਿ ਨੁਕਸਾਨਦਾਇਕ

ਤੰਦਰੁਸਤ ਤੇ ਲੰਮੀ ਉਮਰ ਲਈ ਇਹ ਅਤਿ ਜ਼ਰੂਰੀ ਹੈ ਕਿ ਸਾਡਾ ਭੋਜਨ ਪੌਸ਼ਟਿਕ ਤੇ ਝਰਨੇ ਦੇ ਪਾਣੀ ਵਾਂਗ ਨਿਰਮਲ ਹੋਵੇ ਤੇ ਅਜਿਹੀ ਹਰ ਸ਼ੈਅ ਤੋਂ ਮੁਕਤ ਹੋਵੇ ਜੋ ਸਿਹਤ ਵਿੱਚ ਵਿਗਾੜ ਪੈਦਾ ਕਰਨ ਦੇ ਸਮਰੱਥ ਹੁੰਦੀ ਹੈ। ਪੁਰਾਣੇ ਸਮਿਆਂ ਵਿੱਚ ਮਦਰਾ ਇਕ ਅਜਿਹਾ ਖਤਰਨਾਕ ਤੱਤ ਸੀ ਜੋ ਲੋਕਾਂ ਦੇ ਭੋਜਨ ਵਿਚ ਸ਼ਾਮਲ ਸੀ ਪਰ ਐਸ਼ੋਵਰਜ਼ ਦੀ ਭਾਵਨਾ ਜਾਂ ਸਵਾਦਾਂ ਦੀ ਪੂਰਤੀ ਨੇ ਅੱਜ ਸ਼ਰਾਬ ਤੋਂ ਇਲਾਵਾ ਬਰਾਂਡੀ, ਬੀਅਰ, ਤੰਬਾਕੂ, ਸਿਗਰਟ ਵਰਗੇ ਅਨੇਕਾਂ ਨੁਕਸਾਨਦਾਇਕ ਤੱਤਾਂ ਨੂੰ ਲੋਕਾਂ ਨੇ ਆਪਣੀ ਖੁਰਾਕ ਵਿੱਚ ਸ਼ਾਮਲ ਕਰ ਲਿਆ ਹੈ। ਇਨ੍ਹਾਂ ਵਿਚੋਂ ਵੱਧ ਹਰਮਨ ਪਿਆਰੀ ਤੇ ਪ੍ਰਚਲਤ ਹੈ ਚਾਹ ਜਾਂ ਕੌਫੀ।

ਇਹ ਇਕ ਅਜਿਹਾ ਸੂਖ਼ਮ ਜ਼ਹਿਰ ਹੈ ਜੋ ਮਨੁੱਖ ਪੁਸ਼ਤ-ਦਰ-ਪੁਸ਼ਤ ਵਰਤਦਾ ਆਇਆ ਹੈ ਤੇ ਅੱਜ ਵੀ ਵਰਤ ਰਿਹਾ ਹੈ। ਬੱਚੇ, ਨੌਜਵਾਨ, ਬੁੱਢੇ, ਅਮੀਰ, ਗ਼ਰੀਬ, ਅਨਪੜ੍ਹ, ਵਿਦਵਾਨ ਅੱਜ ਸਭ ਇਸ ਦੇ ਆਸ਼ਕ ਨੇ।

ਭਾਰਤ ਵਿੱਚ ਚਾਹ ਦਾ ਇਤਿਹਾਸ ਕੋਈ ਬਹੁਤਾ ਪੁਰਾਣਾ ਨਹੀਂ, ਅੱਜ ਵੀ ਅਜਿਹੇ ਚਸ਼ਮਦੀਦ ਗਵਾਹ ਮੌਜੂਦ ਨੇ ਜੋ ਦਸਦੇ ਨੇ ਕਿ ਕਿਸ ਤਰ੍ਹਾਂ ਵਿਦੇਸ਼ੀ ਹੁਕਮਰਾਨਾਂ ਨੇ ਇਕ ਸੋਚੀ-ਸਮਝੀ ਚਾਲ ਤੇ ਤਹਿਤ, ਭਾਰਤੀ ਲੋਕਾਂ ਵਿੱਚ ਚਾਹ ਪੱਤੀ ਮੁਫਤ ਵੰਡ ਕੇ ਇਹ ਅਮਲ ਲੋਕਾਂ ਦੇ ਢਿੱਡ ਵਿਚ ਪਾ ਦਿੱਤਾ।

ਚਾਹ, ਕੌਫ਼ੀ ਇਕ ਅਸ਼ੁੱਧ ਗੁਣ ਵਾਲੀ ਵਸਤੂ ਹੈ, ਜਿਸ ਵਿੱਚ ਨਿਕੋਟੀਨ ਵਰਗਾ ਜ਼ਹਿਰੀਲਾ ਮਾਦਾ ਹੁੰਦਾ ਹੈ ਤੇ ਹੋਰ ਨਸ਼ਿਆਂ ਦੀ ਤਰਾਂ ਚਾਹ ਵੀ ਸਰੀਰ ਤੇ ਦੋ ਤਰ੍ਹਾਂ ਨਾਲ ਅਸਰ ਕਰਦੀ ਹੈ।

ਆਪਣੇ ਮੁੱਢਲੇ ਅਸਰ (ਪ੍ਰਾਇਮਰੀ ਐਕਸ਼ਨ) ਦੌਰਾਨ ਇਹ ਮਨੁੱਖੀ ਚੇਤਨਾ ਨੂੰ ਬਨਾਵਟੀ ਹੁਲਾਰਾ ਦਿੰਦੀ ਹੈ, ਜਿਸ ਦੌਰਾਨ ਮਨੁੱਖ ਫੁਰਤੀ, ਉਤਸ਼ਾਹ, ਆਤਮ-ਸੰਤੋਸ਼, ਹੁਲਾਸ, ਗਰਮੀ ਤੇ ਵਧੇਰੇ ਸੰਤੁਸ਼ਟ ਮਹਿਸੂਸ ਕਰਦਾ ਹੈ। ਇਸ ਮੁੱਢਲੇ ਅਸਰ ਦੌਰਾਨ ਬਜ਼ ਤੇਜ਼, ਗੱਲ੍ਹਾਂ ਤੇ ਹਲਕੀ ਲਾਲੀ ਤੇ ਦਿਲ ਦੀ ਧੜਕਨ ਕਿਸੇ ਖੁਸ਼ੀ ਦੇ ਮੌਕੇ ਵਾਂਗ ਹੋ ਜਾਦੀ ਹੈ। ਕੁੱਲ ਮਿਲਾ ਕੇ ਮਨੁੱਖ ਇਕ ਸੁਖਾਵੀਂ ਉਤੇਜਨਾ ਮਹਿਸੂਸ ਕਰਦਾ ਹੈ।

ਪਰ ਇਸ ਚਮਤਕਾਰ ਤੋਂ ਕੁਝ ਹੀ ਘੰਟਿਆਂ ਬਾਅਦ, ਸੈਕੰਡਰੀ, ਐਕਸ਼ਨ ਦੌਰਾਨ ਜੀਵਨ-ਸ਼ਕਤੀ ਪਹਿਲਾਂ ਨਾਲੋਂ ਵੀ ਸੁਸਤ ਹੋ ਜਾਂਦੀ ਹੈ - ਨੀਂਦ, ਉਬਾਸੀਆਂ, ਉਦਾਸੀ, ਗੁਸਾ, ਪੇਟ ਗੈਸ, ਕੰਮ ਨੂੰ ਦਿਲ ਨਾ ਕਰਨਾ, ਠੰਡ ਲੱਗਣੀ, ਹੱਥ ਪੈਰ ਠੰਡੇ ਹੋਣਾ ਸਿਰ ਦੁਖਣਾ ਤੇ ਸਰੀਰ ਟੁੱਟਣਾ, ਕਾਮਕ ਨਿਢਾਲਤਾ, ਰਾਤੀਂ ਨੀਂਦ ਨਾ ਆਉਣੀ ਤੇ ਦਿਨੇਂ ਊਂਘੀ ਜਾਣ ਵਾਲੀਆਂ ਅਲਾਮਤਾਂ ਪੈਦਾ ਹੁੰਦੀਆਂ ਹਨ। ਇਨ੍ਹਾਂ ਅਲਾਮਤਾਂ ਤੋਂ ਛੁਟਕਾਰਾ ਪਾਉਣ ਜਾ ਫਿਰ ਤੋਂ ਕੰਢੇ ਤੇ ਹੋਣ ਲਈ ਮਨੁੱਖ ਫਿਰ ਚਾਹ ਪੀਦਾਂ ਹੈ ਤੇ ਇਸ ਤਰ੍ਹਾਂ ਹੋਰਨਾਂ ਨਸ਼ਿਆਂ ਵਾਂਗ ਹੀ ਮਨੁੱਖ ਇਸ ਦੇ ਬਨਾਵਟੀ ਅਸਰਾਂ ਦਾ ਗੁਲਾਮ ਹੋ ਕੇ ਰਹਿ ਜਾਂਦਾ ਹੈ।

ਚਾਹ ਦੇ ਸ਼ੌਕੀਨ ਇਸ ਦੇ ਥਕਾਵਟ, ਦੂਰ ਕਰਨ, ਭੁੱਖ ਤੇ ਪਿਆਸ ਮਾਰਨ, ਖਾਣਾ ਹਜ਼ਮ ਕਰਨ ਵਰਗੇ ਫਾਇਦੇ ਦੱਸ ਕੇ ਇਸ ਦੇ ਗੁਣਕਾਰੀ ਹੋਣ ਦਾ ਢੰਡੋਰਾ ਪਿੱਟਦੇ ਹਨ, ਪਰ ਅਸਲ ਵਿੱਚ ਅਜਿਹਾ ਨਹੀਂ ਹੈ।

ਦਿਨ ਭਰ ਦਾ ਕੰਮ ਕਰਨ ਤੋਂ ਬਾਅਦ ਸਰੀਰ ਥੱਕ ਜਾਂਦਾ ਹੈ -ਸੁਸਤੀ ਪੈਂਦੀ ਹੈ ਸਰੀਰ ਅਰਾਮ ਭਾਲਦਾ ਹੈ ਤੇ ਨੀਂਦ ਆ ਜਾਂਦੀ ਹੈ। ਇਸੇ ਤਰ੍ਹਾਂ ਭੁੱਖ ਲੱਗਦੀ ਹੈ, ਭੋਜਨ ਖਾਂਦੇ ਹਾਂ, ਥੋੜੀ ਦੇਰ ਸੁਸਤਾਉਂਦੇ ਹਾਂ- ਸਰੀਰ ਤਾਕਤਵਰ ਲੱਗਦਾ ਹੈ। ਪਿਆਸ ਲਗਦੀ ਹੈ -ਪਾਣੀ ਪੀਂਦੇ ਹਾਂ ਤੇ ਤ੍ਰਿਪਤ ਹੋ ਜਾਂਦੇ ਹਾਂ। ਇਹ ਕੁਦਰਤ ਦਾ ਨੇਮ ਹੈ। ਇਸ ਤਰ੍ਹਾ ਹੋਣਾ ਹੀ ਤੰਦਰੁਸਤੀ ਹੈ ਪਰ ਹੈਰਾਨੀ ਦੀ ਗੱਲ ਇਹ ਕਿ ਇਹ ਕੁਦਰਤੀ ਸੁਸਤੀ, ਭੁੱਖ ਤੇ ਪਿਆਸ ਨੂੰ ਦੂਰ ਕਰਨ ਲਈ ਚਾਹ ਦੀ ਵਰਤੋਂ ਕੀਤੀ ਜਾਂਦੀ ਹੈ। ਸਰੀਰ ਮੰਗ ਕਰਦਾ ਹੈ ਆਰਾਮ, ਤੇ ਦਿੱਤੀ ਜਾਂਦੀ ਹੈ ਚਾਹ । ਸਰੀਰ ਮੰਗ ਕਰਦਾ ਹੈ ਭੋਜਨ ਦੀ ਤੇ ਮਿਲਦੀ ਹੈ ਚਾਹ ॥ ਸਰੀਰ ਮੰਗ ਕਰਦਾ ਹੈ ਪਾਣੀ ਦੀ ਤੇ ਸਾਰਿਆ ਜਾਂਦਾ ਹੈ - ਚਾਹ ਨਾਲ ॥।

ਖਾਣਾ ਖਾਣ ਤੋਂ ਬਾਅਦ ਸਰੀਰ ਤੇ ਦਿਮਾਗ ਦੀ ਸ਼ਿਥਲਤਾ ਤੇ ਮਿਹਦੇ ਦਾ ਭਾਰੀਪਨ ਇਸ ਗੱਲ ਦਾ ਸੂਚਕ ਹੁੰਦਾ ਹੈ ਕਿ ਆਰਾਮ ਦੀ ਜ਼ਰੂਰਤ ਹੈ ਤਾਂ ਪਾਚਨ-ਕਿਰਿਆ ਢੰਗ ਸਿਰ ਸ਼ੁਰੂ ਹੋ ਸਕੇ। (ਇਸ ਦੌਰਾਨ ਕੰਮ ਕਰਨਾ ਖਾਸ ਕਰਕੇ ਦਿਮਾਗੀ ਕੰਮ ਨੁਕਸਾਨਦਾਇਕ ਹੈ) ਪਰ ਮਨੁੱਖ ਧੰਨਵਾਦੀ ਹੁੰਦਾ ਹੈ ਚਾਹ, ਕੌਫੀ ਦੇ ਪਿਆਲੇ ਦਾ ਜੋ ਕੁਦਰਤ ਦੀ ਇਸ ਅਹਿਮ ਸੂਚਨਾ ਨੂੰ ਆਪਣੇ ਡੁਬੋ ਕੇ ਇਕ ਬਨਾਵਟੀ ਸ਼ਕਤੀ ਪ੍ਰਦਾਨ ਕਰਦਾ ਹੈ।

ਚਾਹ ਆਪਣੇ ਮੁੱਢਲੇ ਅਸਰ ਦੌਰਾਨ ਪਾਚਨ-ਕਿਰਿਆ ਨੂੰ ਵਕਤੀ ਤੌਰ ਤੇ ਤੇਜ਼ ਕਰ ਦਿੰਦੀ ਹੈ, ਸਿੱਟੇ ਵਜੋਂ ਅੰਤੜੀਆਂ ਦੀ ਸੁੰਗੇੜ ਕਿਰਿਆ ਜੋ ਕਿ ਭੋਜਨ ਨੂੰ ਹਜ਼ਮ ਕਰਦੀ ਹੈ। ਤੇਜ਼ ਹੋ ਜਾਂਦੀ ਹੈ ਤੇ ਖਾਦੀ ਖੁਰਾਕ ਨੂੰ ਅਣਪਚੇ ਰੂਪ ਵਿੱਚ ਹੀ ਨਿਕਾਸੀ ਵੱਲ ਧੱਕ ਦੇਂਦੀ ਹੈ। ਨਤੀਜਾ ਇਹ ਹੁੰਦਾ ਹੈ ਕਿ ਸਰੀਰ ਲਈ ਜ਼ਰੂਰੀ ਅੰਨ ਰਸ ਅੱਧੇ ਦੇ ਲਗਭਗ ਉਸੇ ਤਰ੍ਹਾਂ ਸਰੀਰ ਤੋਂ ਬਾਹਰ ਧੱਕ ਦਿੱਤੇ ਜਾਂਦੇ ਹਨ, ਪਰ ਚਾਹ ਦੇ ਪਿਆਕੜ ਖੁਸ਼ ਨੇ ਜੰਗਲ ਪਾਣੀ ਖੁਲ੍ਹ ਕੇ ਜੋ ਆਉਂਦੈ ।

ਚਾਹ-ਕੌਫੀ ਦੀਆਂ ਸ਼ੌਕੀਨ ਮਾਵਾਂ ਦੇ ਬੱਚਿਆਂ ਵਿੱਚ ਪੈਦਾਇਸ਼ੀ ਸਾਦਗੀ ਹੱਸਮੁਖਤਾ ਤੇ ਚੰਚਲਤਾ ਦੀ ਥਾਂ ਜ਼ਿਦ, ਕੰਮਜ਼ੋਰੀ, ਉਦਾਸੀ ਤੇ ਡਰਾਕਲਪੁਣਾ ਹੁੰਦਾ ਹੈ ਉਹ ਵਾਰ ਵਾਰ ਟੱਟੀਆਂ ਲੱਗਣ, ਛਾਤੀ ਦੀ ਜਕੜਨ, ਤਪੈਦਿਕ, ਸਿਰ ਭਖਣਾ, ਲੇਟ ਤੁਰਨਾ, ਬੋਲਣਾ, ਸਿਖਣਾ ਤੇ ਚਿੜਚਿੜਾਪਨ ਵਰਗੀਆਂ ਅਨੇਕਾਂ ਬੀਮਾਰੀਆਂ ਦਾ ਸ਼ਿਕਾਰ ਹੁੰਦੇ ਹਨ। ਇਹ ਚਾਹ ਦਾ ਹੀ ਜਲਵਾ ਹੈ ਜੋ ਸਦਾ ਉਨ੍ਹਾਂ ਦੀ ਕੋਈ ਚੂਲ ਵਿੰਗੀ ਹੀ ਰੱਖਦਾ ਹੈ। ਸੋ ਇਨ੍ਹਾਂ ਟਹਿਕਦੇ ਫੁੱਲਾਂ ਦੀ ਜ਼ਹਿਰ ਭਾਲ ਕਰਨ ਤੋਂ ਪਰਹੇਜ਼ ਹੀ ਕਰਨਾ ਚਾਹੀਦਾ ਹੈ।

ਇਕ ਜਰਮਨ ਡਾਕਟਰ ਚਾਹ ਕੌਫੀ ਦੇ ਕੁਝ ਪਿਆਲੇ ਪੀਣੇ ਜਾਂ ਬਰਾਂਡੀ ਦੇ ਜਾਮ ਖਿੱਚਣੇ ਇੱਕੋ ਜਿਹੀ ਗੱਲ ਦਸਦਾ ਹੈ। ਉਸ ਅਨੁਸਾਰ ਇਹ ਅਲੱੜ੍ਹ ਮੁੰਡੇ ਤੇ ਕੁੜੀਆਂ ਵਿੱਚ ਗਭਰੇਟ ਅਵਸਥਾ ਤੋਂ ੧੦-੧੪ ਸਾਲ ਪਹਿਲਾਂ ਹੀ ਕਾਮ ਇੱਛਾ ਨੂੰ ਜਗਾ ਦਿੰਦੀ ਹੈ ਤੇ ਨਤੀਜਾ-ਹਸਤਮੈਥੁਨ, ਸੁਪਨਦੋਸ਼, ਜਲਦੀ ਨਾਮਰਦੀ ਤੇ ਅੰਤ ਨਿਰਾਸਤਾ। ਅੱਜ ਦੇ ਹਾਲਾਤ ਨੂੰ ਵੇਖਦਿਆਂ ਉਸ ਦੀ ਸੌ ਸਾਲ ਪਹਿਲਾਂ ਕੀਤੀ ਖੋਜ ਇਕ ਸੌ ਇਕ ਫੀਸਦੀ ਸੱਚ ਜਾਪਦੀ ਹੈ। ਇਹ ਵਿਦਵਾਨ ਤਾਂ ਪੁਰਾਣੇ ਸਮਿਆਂ ਵਾਲੀ ਨੈਤਿਕਤਾ, ਗੰਭੀਰਤਾ, ਵਫਾਦਾਰੀ, ਦ੍ਰਿੜ੍ਹਤਾ, ਸਵੈ ਭਰੋਸਾ ਤੇ ਸ਼ਾਂਤੀ ਦੀ ਥਾਂ ਅਨੈਤਿਕਤਾ ਹੋਛਾਪਨ, ਸ਼ੈਤਾਨੀ, ਡਾਵਾਂਡੋਲਤਾ, ਦੁਚਿੱਤੀ, ਅਸ਼ਾਂਤੀ ਵਰਗੀਆਂ ਅਲਾਮਤਾਂ ਪੈਦਾ ਹੋਣ ਪਿੱਛੇ ਵੀ ਚਾਹ ਕੌਫੀ ਦਾ ਹੱਥ ਵੇਖਦਾ ਹੈ। ਦੰਦਾ ਤੇ ਚਾਹ ਦੀ ਦੁਸ਼ਮਣੀ ਤਾਂ ਜੱਗ ਜ਼ਾਹਰ ਹੈ।

ਉਪਰੋਕਤ ਸਾਰੀਆਂ ਅਲਾਮਤਾਂ ਕਿਸੇ ਵਿਅਕਤੀ ਵਿਸ਼ੇਸ਼ ਦੀਆਂ ਨਹੀਂ ਸਗੋਂ ਸਮੁੱਚੀ ਪਿਆਕੜ ਜਮਾਤ ਦੀਆਂ ਹਨ। ਕਿਸੇ ਵਿੱਚ ਇਕ ਤੇ ਦੂਸਰੇ ਵਿੱਚ ਦੂਸਰੀਆਂ ਅਲਾਮਤਾਂ ਭਾਰੂ ਹੋ ਸਕਦੀਆਂ ਹਨ। ਸੋ ਇਸ ਤੋਂ ਛੁੱਟਕਾਰਾ ਪਾਇਆ ਜਾਵੇ।

ਇਸ ਤੋਂ ਛੁਟਕਾਰਾ ਪਾਇਆ ਜਾ ਸਕਦਾ ਹੈ ਤੇ ਸਵਾਦ ਲਈ ਦੁੱਧ ਵਿੱਚ ਸਾਧਾਰਨ ਸੌਂਫ, ਲਾਂਚੀ ਦੀ ਵਰਤੋਂ ਕੀਤੀ ਜਾ ਸਕਦੀ ਹੈ। ਮਜ਼ਬੂਤ ਇਰਾਦਾ, ਖੁਲ੍ਹੀ ਹਵਾ ਵਿੱਚ ਕਸਰਤ ਤੇ ਕਿਸੇ ਸ਼ੁਭਚਿੰਤਕ ਦੀ ਹੌਸਲਾ ਅਫਜ਼ਾਈ ਚੰਗੇ ਸਿੱਟੇ ਦਿੰਦੀ ਹੈ। ਜ਼ਰੂਰਤ ਪੈਣ ਤੇ ਡਾਕਟਰ-ਦਵਾਈ ਦੀ ਸਹਾਇਤਾ ਵੀ ਲਈ ਜਾ ਸਕਤੀ ਹੈ। ਹਮੇਸ਼ਾ ਯਾਦ ਰੱਖੋ ਕਿ ਪਰਹੇਜ਼ (ਮਾੜੀਆਂ ਚੀਜ਼ਾਂ ਦਾ) ਬੀਮਾਰੀਆਂ ਸਮੇਂ ਹੀ ਨਹੀਂ ਸਗੋਂ ਤੰਦਰੁਸਤੀ ਨੂੰ ਬਰਕਰਾਰ ਰੱਖਣ ਲਈ ਵੀ ਜ਼ਰੂਰੀ ਹੁੰਦਾ ਹੈ।

## ਚਾਹ ਕੀ ਹੈ? ਕੁਝ ਵਿਗਿਆਨਕ ਤੱਥ

ਉਂਞ ਤਾਂ ਅਸੀਂ ਅੱਜ ਦੇ ਤੇਜ਼ ਗਤੀ ਜੀਵਨ ਵਿਚ ਖਾਣ-ਪੀਣ ਵਾਲੀਆਂ ਵਸਤੂਆਂ, ਭੋਜਨ ਦੀਆਂ ਥਾਲੀਆਂ, ਪਲੇਟਾਂ ਬਾਰੇ ਡੂੰਘਾਈ ਨਾਲ ਸੋਚਣ ਦਾ ਸਮਾਂ ਹੀ ਕਿੱਥੇ ਕੱਢ ਸਕਦੇ ਹਾਂ, ਪਰ ਚਾਹ ਵਰਗਾ ਜ਼ਹਿਰ ਦਿਨ ਵਿਚ ਤਿੰਨ ਵਾਰ ਲੈ ਹੀ ਲੈਂਦੇ ਹਾਂ ਚਾਹ ਨਾ ਪੀਵੀਏ ਤਾਂ ਹੋਰ ਕੀ ਪੀਵੀਏ। ਅਣਜਾਣੇ ਹੀ, ਅਸੀਂ ਹਰ ਰੋਜ਼ ਇਕ ਅਜਿਹਾ ਜ਼ਹਿਰ ਪੀ ਰਹੇ ਹਾਂ ਜਿਹੜਾ ਹੌਲੀ ਹੌਲੀ ਸਾਡੇ ਸਰੀਰ ਨੂੰ ਖਾਈ ਜਾ ਰਿਹਾ ਹੈ। ਇਹ ਕਿਥੋਂ ਦੀ ਸਿਆਣਪ ਹੈ ਕਿ ਜੇ ਕੁਝ ਨਹੀਂ ਮਿਲਦਾ ਤਾਂ ਜ਼ਹਿਰ ਹੀ ਪੀਵੀਏ । ਗਾਂਧੀ ਵਾਦੀ ਚਿੰਤਕ, ਯੋਗ ਅਨੁਭਵੀ ਅਤੇ ਰਾਜਨੀਤਕ ਸ੍ਰੀ ਮੁਰਾਰਜੀ ਦੇਸਾਈ ਦਾ ਕਥਨ ਹੈ : ਜੇ ਕੋਈ ਮੈਨੂੰ ਸੰਸਾਰ ਦੀਆਂ ਜ਼ਹਿਰੀਲੀਆਂ ਵਸਤੂਆਂ ਦੀ ਸੂਚੀ ਬਣਾਉਣ ਲਈ ਆਖੇ ਤਾਂ ਮੈਂ ਚਾਹ ਨੂੰ ਸਭ ਤੋਂ ਪ੍ਰਥਮ ਸਥਾਨ ਦੇਵਾਂਗਾ। ਨਿਰਸੰਦੇਹ, ਲੋਕਾਂ ਦੀ ਸਿਹਤ ਲਈ ਜਿੰਨੀ ਚਾਹ ਹਾਨੀਕਾਰਕ ਹੈ ਓਨੀ ਕੋਈ ਹੋਰ ਵਸਤੂ ਨਹੀਂ। ਇਸ ਦੇ ਪ੍ਰਮਾਣ ਹਿੱਤ ਚਾਹ ਵਿਚ ਇਕ ਨਹੀਂ ਲੱਗਭੱਗ ਦਸ ਜ਼ਹਿਰ ਅਜਿਹੇ ਹਨ ਜੋ ਸਵਾਸਥ ਦਾ ਨਾਸ਼ ਕਰਦੇ ਹਨ :

੧ ਚਾਹ ਵਿਚ ਟੈਨਿਨ ਦੀ ਮਾਤਰਾ ੧੮% ਹੁੰਦੀ ਹੈ, ਜੋ ਲਹੂ ਵਿਚੋਂ ਹੇਮੋਗਲੋਬਿਨ ਘਟਾਉਂਦਾ ਹੈ, ਪੇਟ ਵਿਚ ਵਰਮ, ਗੈਸ (ਪੇਪਟਿਕ ਅਲਸਰ ਅਤੇ ਗੈਸਟਰਾਈਟਿਸ) ਰੋਗ ਪੈਦਾ ਕਰਦੀ ਹੈ, ਮੰਦਾਨਗੀ ਦਾ ਰੋਗ ਹੋ ਸੂਰਾ

ਜਾਂਦਾ ਹੈ ਜਿਸ ਨਾਲ ਭੋਜਨ ਨੂੰ ਪੁਚਾਉਣ ਦੀ ਸ਼ਕਤੀ ਕਮਜ਼ੋਰ ਹੋ ਜਾਂਦੀ ਹੈ।
੨ ਇਸ ਵਿਚ ਥੀਨ ਦੀ ਮਾਤਰਾ ੩ ਤੋਂ ੬% ਰਹਿੰਦੀ ਹੈ ਜੋ ਸਰੀਰ ਵਿਚ ਖ਼ੁਸ਼ਕੀ, ਫ਼ੇਫ਼ੜਿਆਂ ਅਤੇ ਦਿਮਾਗ਼ ਵਿਚ ਭਾਰੀਪਨ ਪੈਦਾ ਕਰਦੀ ਹੈ।
੩ ਕੈਫ਼ੀਨ ਦੀ ਮਾਤਰਾ ੨.੭੫% ਹੁੰਦੀ ਹੈ। ਇਸ ਨਾਲ ਤੇਜ਼ਾਬ ਵਿਚ ਵਾਧਾ ਹੁੰਦਾ ਹੈ। ਫਿਰ ਗੰਠੀਆ ਆਦਿ ਦੇ ਲੱਛਣ ਸਾਹਮਣੇ ਆਉਂਣੇ ਹਨ। ਵਾਲ ਛੇਤੀ ਚਿੱਟੇ ਹੋਣ ਲੱਗ ਪੈਂਦੇ ਹਨ।
੪ ਵਾਲੇਟਾਈਨ ਆਇਲ ਅੱਖਾਂ ਦੇ ਰੋਗ ਵਧਾਉਂਦਾ ਅਤੇ ਉਨੀਂਦਰਾ ਪੈਦਾ ਕਰਦਾ ਹੈ
੫ ਕਾਰਬਲਿਕ ਐਸਿਡ ਨਾਲ ਐਸੀਡਿਟੀ ਹੁੰਦੀ ਹੈ ਅਤੇ ਬੁਢਾਪਾ ਛੇਤੀ ਆਉਂਦਾ ਹੈ।
੬ ਪੇਪੀਨ ਪਾਚਨ-ਕਿਰਿਆ ਵਿਚ ਵਿਗਾੜ ਪੈਦਾ ਕਰਦੀ ਹੈ।
੭ ਏਰੋਪੈਲਿਕ ਆਇਲ ਆਂਤੜੀਆਂ ਵਿਚ ਖ਼ੁਸ਼ਕੀ ਪੈਦਾ ਕਰਦੀ ਹੈ।
੮ ਸਾਇਨੋਜ਼ੇਨ ਲਕਵਾ, ਚੱਕਰ ਆਉਣੇ, ਉਨੀਂਦਰਾ ਆਦਿ ਰੋਗਾਂ ਨੂੰ ਜਨਮ ਦਿੰਦਾ ਹੈ।
੯ ਆਕਜ਼ੇਲਿਕ ਐਸਿਡ ਸਰੀਰ ਵਿਚੋਂ ਜਿੰਨਾ ਇਕ ਦਿਨ ਵਿਚ ਖ਼ਾਰਜ ਹੁੰਦਾ ਹੈ, ਉਸ ਤੋਂ ੪ ਗੁਣਾਂ ਵੱਧ ਚਾਹ ਦੀ ਇਕ ਪਿਆਲੀ ਨਾਲ ਸਰੀਰ ਵਿਚ ਪੈਦਾ ਹੁੰਦਾ ਹੈ।
੧੦ ਸਟ੍ਰਿਕਨਾਇਲ ਖ਼ੂਨ ਵਿਚ ਵਿਗਾੜ, ਵੀਰਯ ਦੋਸ਼ ਅਤੇ ਨਿਪੁੰਸਕਤਾ ਪੈਦਾ ਕਰਦਾ ਹੈ।

ਸੰਸਾਰ ਭਰ ਦੇ ਪ੍ਰਸਿੱਧ ਡਾਕਟਰ ਨੇ ਖੋਜ ਪੂਰਨ ਤੱਤਾਂ ਨਾਲ ਚਾਹ ਨੂੰ ਇਕ ਭਿਆਨਕ ਜ਼ਹਿਰ ਮੰਨਿਆ ਹੈ, ਜਿਨ੍ਹਾਂ ਵਿਚੋਂ ਕੁਝ ਦੇ ਨਿਚੋੜ ਹੇਠ ਲਿਖੇ ਹਨ :–

ਚਾਹ ਪੀਣ ਵਾਲਿਆਂ ਨੂੰ ਸੁਪਨ-ਦੋਸ਼, ਵੀਰਯ ਗਿਰਨਾ, ਨਿਪੁੰਸਕਤਾ ਆਦਿ ਰੋਗ ਲੱਗ ਜਾਂਦੇ ਹਨ :–
ਡਾ : ਹੋਰੀ ਗਿਲਰ।

ਚਾਹ ਨਾਲ ਬਲੱਡ-ਪ੍ਰੈਸ਼ਰ ਵਧਦਾ ਹੈ :– ਡਾ : ਮਾਰਿਸ਼ ਫ਼ਿਸ਼ਬੇਨ।

ਚਾਹ ਨਾਲ ਬੁੱਧੀ ਦਾ ਨਾਸ਼ ਹੁੰਦਾ ਹੈ :– ਦਯਾਨੰਦ।

ਥੱਕੇ ਹੋਏ ਦਿਮਾਗ਼ ਨੂੰ ਆਰਾਮ ਦੀ ਲੋੜ ਹੁੰਦੀ ਹੈ ਤਾਂ ਚਾਹ ਉਸ ਨੂੰ ਸੁਆਉਣ ਲਈ ਮਜ਼ਬੂਰ ਕਰਦੀ ਹੈ ਜਿਸਦੇ ਨਤੀਜੇ ਵਜੋਂ ਦਿਮਾਗ਼ ਨੂੰ ਹੌਲੀ ਹੌਲੀ ਨਿਕੰਮਾ ਕਰਨਾ ਹੈ। ਡਾ: ਬੀਡਬਲਿਊ ਰਿਚਰਡਸਨ।

ਚਾਹ ਪੀਂਦਿਆਂ ਹੀ ਚੁਸਤੀ ਮਹਿਸੂਸ ਹੁੰਦੀ ਹੈ, ਪਰ ਜੋ ਥਕਾਨ ਆਉਂਦੀ ਹੈ ਉਸ ਨਾਲ ਸਰੀਰ ਕਮਜ਼ੋਰ ਹੋ ਜਾਂਦਾ ਹੈ। ਸੋ ਉਪਰ ਲਿਖੀਆਂ ਗੱਲਾਂ ਨੂੰ ਵਾਚ ਕੇ ਅਸਾਨੂੰ ਚਾਹ ਕੌਫੀ ਆਦਿ ਦੀਆਂ ਭੈੜੀਆਂ ਅਨਾਮਤਾਂ ਤੋਂ ਬੱਚਣ ਦੀ ਲੋੜ ਹੈ।

## ਗੁਰੂ ਦਰਬਾਰ ਹਾਜਰੀ ਸਮੇਂ ਪਹਿਰਾਵਾ

*ਕਿੰਨੀ ਹੈਰਾਨੀ ਦੀ ਗੱਲ ਹੈ ਕਿ ਅਸੀਂ ਆਪਣੇ ਦੁਨਿਆਵੀ ਦੋਸਤਾਂ, ਮਿੱਤਰਾਂ ਸਨੇਹੀਆਂ ਜਾਂ ਅਫ਼ਸਰਾਂ ਆਦਿ ਨੂੰ ਮਿਲਣ ਜਾਣ ਸਮੇਂ ਇਸ ਗੱਲ ਦਾ ਪੂਰਾ ਖਿਆਲ ਰੱਖਦੇ ਹਾਂ ਕਿ ਸਾਡੇ ਕਪੜੇ ਠੀਕ ਪਾਏ ਹੋਏ ਹਨ ਕਿ ਨਹੀਂ, ਪੱਗ ਠੀਕ ਬੰਨ੍ਹੀ ਹੋਈ ਹੈ ਕਿ ਨਹੀਂ ਇਤਿਆਦਿ। ਪਰ ਗੁਰੂ ਦਰਬਾਰ, ਜਿਥੇ ਅਸਾਡੇ ਲੋਕ ਪਰਲੋਕ ਦੇ ਸਹਾਇਕ ਸ਼ਹਿਨਸ਼ਾਹ ਗੁਰੂ ਮਹਾਰਾਜ ਦੀ ਜੋਤ ਬਿਰਾਜਮਾਨ ਹੁੰਦੀ ਹੈ ਤੇ ਸ਼ਹੀਦ ਸਿੰਘਾਂ ਦੇ ਪਹਿਰੇ ਹੁੰਦੇ ਹਨ, ਦੀ ਹਾਜ਼ਰੀ ਭਰਮ ਸਮੇਂ ਇਸ ਗੱਲੋਂ ਪੂਰੀ ਲਾਪਰਵਾਹੀ ਵਰਤੀ ਜਾਂਦੀ ਹੈ (ਕਈ ਤਾਂ ਖੁਲ੍ਹੇ ਕੇਸੀ ਹੀ ਦਰਬਾਰ ਹਾਲ ਵਿਚ ਚਲੇ ਜਾਂਦੇ ਹਨ ਤੇ ਕਈਆਂ ਨੇ ਸਿਰਫ਼ ਛੋਟੀ ਕੇਸਕੀ ਹੀ ਸਜਾਈ ਹੁੰਦੀ ਹੈ।*

*ਗੁਰੂ ਸਾਹਿਬ ਦੇ ਸਤਿਕਾਰ ਵਜੋਂ ਗੁਰੂ ਅਸਥਾਨ ਤੇ ਜਾਣ ਵੇਲੇ ਪੂਰੀ ਤਰਾਂ ਤਿਆਰ-ਬਰ-ਤਿਆਰ ਹੋ ਕੇ ਵੱਡੀ ਦਸਤਾਰ ਸਜਾ ਕੇ ਹੀ ਹਾਜ਼ਰੀ ਭਰਨੀ ਚਾਹੀਦੀ ਹੈ। ਵੈਸੇ ਵੀ ਸਿੱਖ ਨੂੰ 'ਸਿਰਦਾਰੀ ਸ਼ਾਨ' ਨੂੰ ਮੁੱਖ ਰੱਖਦਿਆਂ ਵੱਡੀ ਦਸਤਾਰ ਸਜਾ ਕੇ ਹੀ ਘਰੋਂ ਬਾਹਰ ਜਾਣਾ ਚਾਹੀਦਾ ਹੈ।*

ਗੁਰੂ ਦਰਬਾਰ, ਗੁਰੂ ਸੰਗਤ ਵਿਚ ਜਾਣ ਸਮੇਂ ਹਰੇਕ ਗੁਰਸਿੱਖ ਵੀਰ ਭੈਣ ਦੇ ਦੁਨਿਆਵੀ ਹਾਰ ਸ਼ਿੰਗਾਰ ਫੈਸ਼ਨਾਂ ਤੇ ਰਹਿਤ ਦੇ ਸਾਦਾ ਗੁਰਮੁਖੀ ਪਹਿਰਾਵਾ ਹੀ ਸੋਭਦਾ ਹੈ।


www.AKJ.Org

# ਜੇ ਰੱਬ ਇਕ-ਤਾਂ ਗੁਰੂ ਵੀ ਇਕ
## ਸਰੀਰ ਗੁਰੂ ਨਹੀਂ ਹੈ॥

(ਅਮਰਜੀਤ ਸਿੰਘ ਜੀ)

ਇਕ ਖੋਜ-

ਰਬ, ਪ੍ਰਮਾਤਮਾ, ਹਰੀ, ਨਾਰਾਇਣ, ਵਾਹਿਗੁਰੂ, ਰਾਮ, ਰਹੀਮ, ਅੱਲ੍ਹਾ- ਗਾਡ GOD, ਇਕ ਪ੍ਰਮਾਤਮਾ ਦੇ ਬਹੁਤ ਨਾਂ ਹਨ। ਜਿਵੇਂ ਜਿਵੇਂ ਸਾਨੂੰ ਸਮਝ ਆਈ- ਅਸੀਂ ਉਸਦੇ ਗੁਣ ਦੇਖੇ, ਨਾਂ ਰਖਦੇ ਗਏ- ਉਹ ਧਰਤੀ ਦਾ ਰਾਖਾ ਹੈ- ਗੋਪਾਲ- ਰੋਮ ਰੋਮ ਵਿਚ ਸਮਾਇਆ ਹੋਇਆ- ਰਾਮ-ਇਤਿ ਆਦਿ ਪਰ ਉਹ?? ALL Mighty Power ,, ਹੈ- Power- ਗੁਰੂ ਨਾਨਕ ਬਾਬੇ ਨਾਨਕ ਨੇ ਸਭ ਤੋਂ ਪਹਿਲਾਂ ਕਿਹਾ ਹੈ ੧ਓ- ਇਕ- ਓਅ- ਕਾਰ ਰੱਬ ਇਕ ਹੈ- ਇਕ ਰਸ ਹੈ- ਸਰਬ ਵਿਆਪਕ ਹੈ।

ਅੰਧ ਮਹਾ ਸਾਗਰ ਥੱਲੇ ਧਰਤੀ ਹੈ ਹੀ ਨਹੀਂ। ਬਹੁਤ ਡੂੰਘਾ ਹੈ- ਬਹੁਤ ਡੂੰਘਾ ਪਰ ਉਥੇ ਰਬ ਹੈ। ਅਕਾਸ਼ ਦੀ ਕੋਈ ਛੱਤ ਨਹੀਂ- ਪੁਲਾੜ ਹੈ- ਖਾਲੀ ਹੈ- ਉਚਾ ਹੈ- ਬਹੁਤ ਉਚਾ ਹੈ- ਤਾਰੇ ਤਕ ਪਹੁੰਚਣ ਲਈ ਕਿਸੇ ਦੀ ਸਪੀਡ 3,00,000 KM Per Second ਹੋ ਜਾਏ ਤਾਂ 4 ਤੋਂ 6 ਸਾਲ ਸਮਾਂ ਲਗੇਗਾ। ਨੀਵੇਂ ਤੋਂ ਨੀਵੇਂ ਤੇ ਉਚੇ ਤੋਂ ਉਚੇ ਤਾਰੇ ਤਕ ਪਹੁੰਚਣ ਲਈ। ਪਰ ਅਕਾਸ਼ ਉਸ ਤੋਂ ਵੀ ਉਚਾ ਹੈ ਖਤਮ ਹੀ ਨਹੀਂ ਹੋ ਸਕਦਾ। ਪਰ ਉਥੇ ਰੱਬ ਹੈ। ਪ੍ਰਮਾਤਮਾ ਹੈ। ਵਾਹਿਗੁਰੂ ਹੈ। ਜੋਤ ਹੈ।

ਜਿਮੀ ਜਮਾਨ ਕੈ ਬਿਖੈ ਸਮਸਤ ਏਕ ਜੋਤ ਹੈ।
ਨ ਘਾਟ ਹੈ ਨ ਬਾਢ ਹੈ ਨ ਘਾਟ ਬਾਢ ਹੋਤ ਹੈ। (ਪਾ: ੧੦)

ਪ੍ਰਮਾਤਮਾ ਇਕ ਜੋਤ ਹੈ ਨਾ ਘਟਦੀ ਹੈ ਨ ਵਧਦੀ ਹੈ ਇਕ ਰਸ ਹੈ। ਜੋਤ ਇਕ ਹੀ ਹੈ। ਸਮਸਮ ਹੈ। ਇਕ ਹੈ- ਇਕ ਰਸ ਹੈ- ਸਰਬ ਵਿਆਪਕ ਹੈ।

ਇਕ ਜੋਤ ਸਭ ਪਾਸੇ ਹੈ। ਪਰ ਦਿਸਦੀ ਨਹੀਂ। ਅਦ੍ਰਿਸ਼ਟ ਹੈ- ਅਗੰਮ ਹੈ- ਆਗਾਧ ਬੋਧ ਹੈ। ਅਕਲ ਤੋਂ ਬਾਹਰੀ ਹੈ। ਅਗੋਚਰ ਹੈ। ਆ ਗੋ ਚ ਰ= ਗਿਆਨ ਇੰਦ੍ਰਿਆਂ ਦੀ ਪਹੁੰਚ ਤੋਂਪਰੇ ਹੈ। ਸਮਝ ਵਿਚ ਨਹੀਂ ਆ ਸਕਦੀ। ਨਿਰੰਕਾਰ ਹੈ। ਅਕਾਰ ਹੀ ਕੋਈ ਨਹੀਂ। ਨਿਰਜੰਣ ਹੈ। ਅੰਜਨ ਤੋਂ ਪਰੈ ਹੈ। ਕਾਲਖ ਤੋਂ ਪਰੇ ਹੈ। ਮਾਇਆ ਤੋਂ ਉਤਾਂਹ ਹੈ।

ਧਰਮ ਕੀ ਹੈ Right Way of life :—ਜੀਉਣ ਦਾ ਸਹੀ ਢੰਗ

ਜੀਉਣ ਦਾ ਸਹੀ ਢੰਗ ਕੀ ਹੈ। ਰੱਬ ਨੂੰ ਮਿਲਣਾ- ਰੱਬ ਨੂੰ ਕਿਵੇਂ ਮਿਲਣਾ। ਬੰਦਾ ਆਪਣੇ ਆਪ ਮਿਲ ਹੀ ਨਹੀਂ ਸਕਦਾ। ਕਿਉਂਕਿ ਬੰਦਾ ਬਗੈਰ ਸੱਚੇ ਗੁਰੂ ਤੋਂ ਰਬ ਨੂੰ ਜਾਣ ਨਹੀਂ ਸਕਦਾ।

ਗਉੜੀ ਮ:, ਪੰਨਾ (੨੦੫)

ਜਿਸ ਕਾ ਗ੍ਰਿਹਿ ਤਿਨਿ ਦੀਆ ਤਾਲਾ ਕੁੰਜੀ ਗੁਰ ਸਉਪਾਈ॥
ਅਨਿਕ ਉਪਾਵ ਕਰੈ ਨਹੀ ਪਾਵੈ ਬਿਨੁ ਸਤਗੁਰਿ ਸਰਣਾਈ॥

ਜਿਸ ਪ੍ਰਮਾਤਮਾ ਨੇ ਸਰੀਰ ਬਣਾਇਆ- ਉਹਨੇ ਸਰੀਰ ਨੂੰ ਤਾਲਾ ਮਾਰ ਦਿਤਾ ਤੇ ਚਾਬੀ ਗੁਰੂ ਨੂੰ ਦੇ ਦਿਤੀ ਹੈ। ਹੋਰ ਜਿੰਨ੍ਹੇ ਮਰਜੀ ਜਤਨ ਕਰ ਲੈ। ਕਰਮ ਕਾਂਡ ਕਰ ਲੈ। ਗੁਰੂ ਕੋਲੋਂ ਚਾਬੀ ਲੈਣ ਤੋਂ ਬਗੈਰ ਤੂੰ ਆਪਣੇ ਸਰੀਰ ਨੂੰ ਲਗਾ ਜਿੰਦਰਾ ਨਹੀਂ ਖੋਹਲ ਸਕਦਾ। ਤੇ ਵਾਹਿਗੁਰੂ ਨੂੰ ਜਾਣ ਨਹੀਂ ਸਕਦਾ। ਕਿ ਵਾਹਿਗੁਰੂ ਕਿਥੇ ਹੈ। ਕਿਹੋ ਜਿਹਾ ਹੈ। ਹੈ ਸਰੀਰ ਦੇ ਅੰਦਰ ਹੀ, ਪਰ ਅਲਖ ਹੈ, ਵਿਚ ਹਉਮੈ ਦਾ ਪੜਦਾ ਹੈ। ਖੇਡ ਸਾਰੀ ਸੂਖਸ਼ਮ ਹੈ- ਤੇ ਸਰੀਰ ਅਸਥੂਲ ਹੈ, ਕਦੀ ਨਹੀਂ ਜਾਣ ਸਕਦਾ॥

ਥਾਵਾ ਨਾਵ ਨ ਜਾਣੀਅਹਿ ਨਾਵਾ ਕੇਵਡੁ ਨਾਉ॥
ਜਿਥੈ ਵਸੈ ਮੇਰਾ ਪਾਤਿਸਾਹ ਸੋ ਕੇਵਡੁ ਹੈ ਥਾਉ॥
ਅੰਬੜਿ ਕੋਇ ਨ ਸਕਈ ਹਉ ਕਿਸ ਨੋ ਪੁਛਣਿ ਜਾਉ॥


www.AKJ.Org

ਉਹ ਕਿਥੇ ਰਹਿੰਦਾ ਹੈ- ਉਸ ਦਾ ਕੀ ਨਾਂ ਹੈ। ਕਿਸ ਨਾਂ ਵਿਚੋਂ ਅਸਲੀ ਨਾਂ ਕਿਹੜਾ ਹੈ ਜਿਥੇ ਮੇਰਾ ਪ੍ਰਮਾਤਮਾ ਵਸਦਾ ਹੈ ਉਹ ਕਿਹੋ ਜਿਹਾ ਹੈ। ਮੈਂ ਕਿਹਨੂੰ ਪੁਛਾ ਕੋਈ ਬੰਦਾ ਉਥੇ ਪਹੁੰਚ ਹੀ ਨਹੀਂ ਸਕਦਾ। ਜਦੋਂ ਕੋਈ ਪਹੁੰਚ ਹੀ ਨਹੀਂ ਸਕਦਾ ਤਾਂ ਪੁਛਣਾ ਕੀਹਨੂੰ ਹੈ।

ਧਰਮ ਬੰਦੇ ਨੂੰ ਰੱਬ ਬਣਾ ਦਿੰਦਾ ਹੈ- ਆਪਣੇ ਵਰਗਾ ਬਣਾ ਲੈਂਦਾ ਹੈ।

"ਪੰਚ ਜਨਾ ਮਿਲਿ ਮੰਗਲੁ ਗਾਇਆ ਹਰਿ ਨਾਨਕ ਭੇਦੁ ਨ ਭਾਈ॥"

ਸਹਿਜ ਭਹਿਆ ਭ੍ਰਮ ਖਿਨ ਮਹਿ ਨਾਠਾ ਮਿਲਿ ਜੋਤੀ ਜੋਤਿ ਸਮਾਈ॥(ਪੰਨਾ ੨੦੬)

ਜਿਨ ਹਰਿ ਜਪਿਆ ਸੇ ਹਰਿ ਹੋਏ ਹਰਿ ਮਿਲਿਆ ਕੇਲ ਕੇਲਾਲੀ॥ (੬੬੭)

ਧਰਮ ਤਾਂ ਈਰਖਾ ਕਢ ਦਿੰਦਾ ਹੈ- ਧਰਮ ਤਾਂ ਸਾਰੀ ਸ੍ਰਿਸਟੀ ਨੂੰ 'ਏਕ ਪਿਤਾ ਏਕਸੁ ਕੇ ਹਮ ਬਾਰਿਕ' ਦਸਦਾ ਹੈ। ਫਿਰ ਲੜਾਈ ਕਿਥੇ ਹੈ। ਝਗੜੇ ਤੋਂ ਰਹਿਤ ਹੈ ਧਰਮ। ਧਰਤੀ ਤਾਂ ਧਰਮ ਕਮਾਣ ਨੂੰ ਦਿਤੀ ਹੈ। ਧਰਮ ਰੱਬ ਦਾ ਨਾਂ ਹੈ। ਅਸੀਂ ਵੰਡੀਆਂ ਪਾਈਆਂ ਹੋਇਆਂ ਹਨ। ਜੇ ਧਰਮ ਹੈ ਤਾਂ ਮਾਰਨਾ ਕਿਹਨੂੰ ਹੈ। ਬੰਦੇ ਨੂੰ ਜਾ ਰੱਬ ਨੂੰ। ਇਹੀ ਫਰਕ ਹੈ ਬੰਦੇ ਦੇ ਧਰਮ ਵਿਚ ਤੇ ਅਸਲੀ ਰਬ ਦੇ ਧਰਮ ਵਿਚ। ਧਰਮ ਪਿਆਰ ਸਿਖਾਉਂਦਾ- ਨਿਮਰਤਾ -ਹਲੀਮੀ- ਸੇਵਾ ਭਾਵਨਾ ਸਿਖਾਉਂਦਾ। ਮਨੁਖਤਾ ਦੀ ਸੇਵਾ ਸਿਖਾਉਂਦਾ- ਸਰਬਤ ਦਾ ਭਲਾ ਸਿਖਾਉਂਦਾ ਹੈ। ਇਕ ਧਰਮ ਦੇ ਮੰਨਣ ਵਾਲੇ ਵੱਲੋਂ ਦੂਜੇ ਕਿਸੇ ਦੇ ਧਰਮ ਦੀ ਬੇਅਦਬੀ ਕਰਨੀ ਧਰਮ ਦੇ ਨਾਂ ਤੇ ਜ਼ੁਲਮ ਕਰਨੇ ਤੇ ਧਰਮ ਅਸਥਾਨਾਂ ਨੂੰ ਨੁਕਸਾਨ ਪਹੁੰਚਾਣਾ ਕਿਧਰ ਦਾ ਧਰਮ ਹੈ। ਕੀ ਵਾਹਿਗੁਰੂ ਇਹ ਸਮਝਾ ਰਿਹਾ ਹੈ। ਕੀ ਇਹ ਵਾਹਿਗੁਰੂ ਦੀ ਸਿਖਿਆ ਹੈ। ਫਿਰ ਧਰਮੀ ਹੋਣ ਦਾ ਦਾਅਵਾ ਕੀਤਾ ਜਾ ਰਿਹਾ ਹੈ। ਬਾਬਾ ਨਾਨਕ ਕਿਸੇ ਦੇ ਧਰਮ ਨੂੰ ਜਾ ਬੰਦੇ ਦੇ ਧਰਮ ਨੂੰ ਮੰਨਣ ਨੂੰ ਤਿਆਰ ਨਹੀਂ। ਬਾਬਾ ਕਹਿੰਦਾ ਹੈ ਸਿਰਫ ਰਬ ਹੀ ਆਪਣੇ ਆਪ ਨੂੰ ਜਾਣਦਾ ਹੈ ਜਾਂ "ਗੁਰੂ। ਗੁਰੂ ਕੌਣ ਹੈ? ਗੁਰੂ ਪੰਜ ਭੂਤਕ ਸਰੀਰ ਨਹੀਂ ਹੁੰਦਾ"

ਸਤਿਗੁਰ ਮੇਰਾ ਸਦਾ ਸਦਾ ਨ ਆਵੈ ਨ ਜਾਇ॥

ਓਹ ਅਬਿਨਾਸੀ ਪੁਰਖ ਹੈ ਸਭ ਮਹਿ ਰਹਿਆ ਸਮਾਇ॥

ਜਿਹੜਾ ਗੁਰੂ ਹੈ ਉਹ ਜੰਮਦਾ ਮਰਦਾ ਨਹੀਂ:- ਉਹ ਅਬਿਨਾਸ਼ੀ ਹੈ ਤੇ ਸਭ ਵਿਚ ਸਮਾਇਆ ਹੋਇਆ ਹੈ।

ਗੁਰੁ ਮੇਰੇ ਸੰਗਿ ਸਦਾ ਹੈ ਨਾਲੇ॥

ਗੁਰੂ ਹਮੇਸ਼ਾ ਨਾਲ ਰਹਿੰਦਾ ਹੈ।

ਜੈਸਾ ਸਤਿਗੁਰੁ ਸੁਣੀਦਾ ਤੈਸੋ ਹੀ ਮੈ ਡੀਠ॥

ਵਿਛੁੜਿਆ ਮੇਲੇ ਪ੍ਰਭੂ ਹਰਿ ਦਰਗਹਿ ਕਾ ਬਸੀਠ॥

ਜਿਹੜਾ ਗੁਰੂ ਹੈ ਬੰਦੇ ਨੂੰ ਰੱਬ ਨਾਲ ਮਿਲਾ ਦਿੰਦਾ ਹੈ। ਕਿਉਂਕਿ ਬੰਦਾ ਰੱਬ ਨਾਲੋਂ ਵਿਛੁੜਿਆ ਹੋਇਆ ਹੈ। ਬੰਦਾ ਰੱਬ ਬਾਰੇ ਜਾਣ ਹੀ ਨਹੀਂ ਸਕਦਾ। ਉਹਨੂੰ ਜਾਨਣ ਲਈ ਅਸਲੀ ਗੁਰੂ ਦੀ ਲੋੜ ਹੈ ਪੂਰੇ ਗੁਰੂ ਦੀ, ਸੱਚੇ ਗੁਰੂ ਦੀ ਲੋੜ ਹੈ।

ਸੱਚਾ ਗੁਰੂ ਕੌਣ ਹੈ :-

ਸਤਿਪੁਰਖੁ ਜਿਨ ਜਾਨਿਆ ਸਤਿਗੁਰੁ ਤਿਸਕਾ ਨਾਉ॥

ਜਿਨ੍ਹੇ ਅਕਾਲ ਪੁਰਖ ਨੂੰ ਜਾਣ ਲਿਆ ਉਹ ਸਤਿਗੁਰੂ ਹੈ, ਹੋ ਸਕਦਾ ਹੈ। ਦਿਖਾਓ ਅਜੋਕੇ ਸਾਰੇ ਦੇਹਧਾਰੀਆਂ ਗੁਰੂਆਂ ਵਿਚੋਂ ਕਿਸਨੇ ਅਕਾਲ ਪੁਰਖ ਨੂੰ ਜਾਣਿਆ। ਇਹ ਸਭ ਕੌਮਨਸ਼ਟ ਦੀ ਤਰਾਂ ਸਿਖੀ ਨੂੰ ਘੁਣ ਵਾਗੂੰ ਲਗੇ ਹੋਏ ਖੋਖਲਾ ਕਰੀ ਜਾ ਰਹੇ ਹਨ। ਪਰ ਅਫਸੋਸ ਇਹ ਸਾਰਿਆਂ ਦਾ ਜੀਵਨ ਬਰਬਾਦ ਕਰੀ ਜਾ ਰਹੇ ਹਨ। ਇਹ ਲੇਖਾ ਕਿਥੇ ਦੇਣਗੇ। ਇਹ ਉਸ ਅਜਗਰ ਸੱਪ ਦੀ ਨਿਆਈਂ ਹਨ। ਜਿਹੜਾ ਛੇਵੇਂ ਪਾਤਿਸ਼ਾਹ ਦੇ ਸਮੇਂ ਬਹੁਤ ਸਾਰੇ ਕਿਰਮ ਨਾਲ ਭਰਿਆ ਪਿਆ ਸੀ। ਸਿੱਖਾਂ ਨੇ ਬੇਨਤੀ ਕੀਤੀ। ਗੁਰ ਸਾਹਿਬ ਜੀ ਇਕ ਉਥੇ ਬਹੁਤ ਵਡਾ ਸੱਪ ਪਿਆ ਹੈ ਬੜੇ ਕਿਰਮ ਉਹਨੂੰ ਖਾਈ ਜਾ ਰਹੇ ਹਨ। ਉਹ ਤੜਫੀ ਜਾਂਦਾ ਹੈ ਮਰ ਨਹੀਂ ਰਿਹਾ। ਗੁਰੂ ਪਾਤਿਸ਼ਾਹ ਨੇ ਜੁਆਬ ਦਿਤਾ। ਇਤਨੇ ਕੁ ਤਾਂ ਇਹਦੇ ਚੇਲੇ ਬਾਲਕੇ ਸਨ ਜਦੋਂ ਇਹ ਦੇਹਧਾਰੀ ਸੀ। ਉਹਦੇ ਮਗਰ ਹੀ


www.AKJ.Org

ਆਉਣੇ ਸਨ। ਜੁਨਮਾਂ ਜਨਮਾਂ ਦੀ ਖੇਡ ਹੈ। ਜਿੰਨੇ ਦੇਹਧਾਰੀ ਗੁਰੂ ਹਨ ਸਭ ਝੂਠੇ ਹਨ, ਕੋਈ ਵੀ ਸੱਚਾ ਨਹੀਂ। ਇਹ ਸਾਰੇ ਜਦਕਦ ਹਨ। ਇਹਨਾਂ ਨੂੰ ਉਤਸ਼ਾਹ ਮਿਲ ਰਿਹਾ ਹੈ। ਸਰਕਾਰੇ ਦਰਬਾਰੇ ਪਹੁੰਚ ਹੈ ਸਤਿਕਾਰ ਹੈ। ਸਿੱਖੀ ਨੂੰ ਪਾੜਨ ਲਈ ਹਨ। ਪਾੜ ਰਹੇ ਹਨ। ਸਿਰਫ ਪ੍ਰਮਾਤਮਾ ਹੀ ਆਪਣੇ ਬਾਰੇ ਦਸ ਸਕਦਾ ਹੈ। ਉਹਨੇ ਕੀ ਕੀਤਾ ਆਪ ਹੀ ਗੁਰੂ ਨਾਨਕ ਦਾ ਵੇਸ ਬਣ ਗਿਆ।।

ਜੋਤਿ ਰੂਪ ਹਰਿ ਆਪ ਗੁਰੁ ਨਾਨਕ ਕਹਾਯਿਓ।।

ਗੁਰੂ ਨਾਨਕ ਨੇ ਸਭ ਕੁਛ ਵਾਹਿਗੁਰੂ ਬਾਰੇ ਦਸ ਦਿਤਾ ਤੇ ਲਿਖ ਦਿਤਾ ਹੈ ਇਹ ਦੁਨੀਆ ਦੀ ਪਹਿਲੀ ਧਾਰਮਿਕ ਪੁਸਤਕ ਹੈ ਜਿਹਨੂੰ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਕਿਹਾ ਗਿਆ ਹੈ। ਵਾਹਿਗੁਰੂ-ਪ੍ਰਮਾਤਮਾ-ਰੱਬ, ਗੁਰੂ ਨਾਨਕ ਬਣਕੇ ਆਇਆ ਤਾਂ ਸਬਦ ਗੁਰੂ-ਪੂਰੇ ਗੁਰੂ -ਸਚੇ ਗੁਰੂ ਤੇ ਸੂਖਸ਼ਮ ਗੁਰੂ ਨੂੰ ਹੀ ਪ੍ਰਗਟ ਕਰਨ ਆਇਆ ਸੀ। ਉਹਦਾ ਸਰੀਰ ਕਿਥੇ ਹੈ। ਸਰੀਰ ਦੀ ਤਾਂ ਉਹਨੇ ਖੇਡ ਹੀ ਨਹੀਂ ਖੇਡੀ-ਜੋਤ ਦੀ ਹੀ ਗਲ ਕੀਤੀ ਹੈ। ਸਰੀਰ ਤਾਂ ਇਕ ਭੁਲੇਖਾ ਪਾ ਦਿਤਾ।

ਇਹ ਸਰੀਰੁ ਮਾਇਆ ਕਾ ਪੁਤਲਾ ਵਿਚਿ ਹਉਮੈ ਦੁਸਟੀ ਪਾਈ।।

ਇਹ ਮਾਇਆ ਦਾ ਪੁਤਲਾ ਹੈ ਵਿਚ ਚੰਦਰੀ ਹਉਮੈ ਪਾ ਦਿਤੀ ਹੈ। ਰੱਬ ਮਾਇਆ ਤੋਂ ਉਤਾਂਹ ਹੈ। ਨਿਰੰਜਣ ਹੈ। ਸਰੀਰ ਤਾਂ ਜੀਵ ਨੂੰ ਬੰਧਨ ਪਾ ਦਿਤਾ ਹੈ।

ਏਹ ਕੁਟੰਬ ਸਭ ਜੀਅ ਕੇ ਬੰਧਨ ਭਾਈ ਭਰਮ ਭੁਲਾ ਸੈਸਾਰਾ।।

ਖੇਡ ਬੜੀ ਬਾਰੀਕ ਹੈ। ਬਹੁਤ ਬਾਰੀਕ ਹੈ। ਸੁਖਸ਼ਮ ਹੈ। ਸੂਖਸ਼ਮ ਗੁਰੁ ਹੀ ਦਸ ਸਕਦਾ ਹੈ।

ਗੁਰੂ ਤੋਂ ਬਗੈਰ-ਸਰੀਰ ਦਾ ਜਿੰਦਰਾ ਨਹੀਂ ਖੁੱਲਣਾ। ਗੁਰੁ ਨਾਨਕ ਨੇ ਹੀ ਕਿਹਾ ਜੇ ਰਬ ਇਕ ਤਾਂ ਗੁਰੁ ਵੀ ਇਕ 'ਏਕਾ ਬਾਣੀ ਇਕ ਗੁਰੁ ਏਕੋ ਸਬਦ ਵੀਚਾਰ।।'

ਰਬ ਦੇ ਅਸੂਲ ਵੀ ਇਕ ਹਨ। ਅਗਰ ਮਨੁੱਖਾਂ ਦੀ ਸੇਵਾ- ਤੇ ਸਰਬਤ ਦੇ ਭਲੇ ਦੀ- ਨਿਮਰਤਾ ਤੇ ਪਿਆਰ ਦੀ- ਹਉਮੈ ਨੂੰ ਮਾਰ ਕੇ ਦਾਸਨਿ ਦਾਸ ਹੋਣ ਦੀ ਗਲ ਕੀਤੀ ਹੈ ਤਾਂ ਸਿਰਫ ਗੁਰੂ ਨਾਨਕ ਨੇ। ਸਾਰੀ ਗਲ ਹੀ ਅਗਲੀ ਕੀਤੀ ਹੈ ਇਥੇ ਦੀ ਤਾਂ ਗਲ ਹੀ ਨਹੀਂ ਕੀਤੀ। ਇਥੇ ਤਾਂ ਕਹਿੰਦਾ ਤੈਨੂੰ ਸਮਾ ਦਿਤਾ।। ਮੁਹਲਤ ਦਿਤੀ। ਅਮਾਨਤੀ ਟਾਈਮ ਦਿਤਾ। ਮੈਨੂੰ ਲਭ। ਮੈਨੂੰ ਲਭੇਗਾਂ ਮੇਰੇ ਵਰਗਾ ਹੋ ਜਾਏਗਾਂ। ਨਹੀਂ ਤਾ ਵਿਕਾਰ ਤੈਨੂੰ ਮਾਰ ਦੇਣਗੇ। ਧਰਮਰਾਜ ਤੈਨੂੰ ਜੂਨਾਂ ਵਿਚ ਪਾ ਦੇਏਗਾ। ਕਿਸੇ ਤਰੀਕੇ ਵੀ ਬਚ ਨਹੀਂ ਸਕੇਗਾ।

ਸਾਰੀ ਦੁਨੀਆਂ ਨੂੰ ਅਗਰ ਕੋਈ ਸਾਂਤੀ ਦੇ ਸਕਦਾ ਹੈ ਤਾਂ ਬਾਬਾ ਨਾਨਕ। ਆਓ ਦਸੋ ਅਗਰ ਬਾਬੇ ਨਾਨਕ ਨਾਲੋਂ ਕਿਸੇ ਦੇ ਉੱਚੇ ਅਸੂਲ ਹਨ। ਸੁੱਚੇ ਹਨ। ਜਾਂ ਬਾਬੇ ਨਾਨਕ ਨਾਲੋਂ ਕਿਸੇ ਨੇ ਹੋਰ ਨੇੜੇ ਦੀ ਗਲ ਕੀਤੀ ਹੈ ਰੱਬ ਨੂੰ ਪਾਉਣ ਲਈ।

ਸਾਰਿਆਂ ਦੇਹਧਾਰੀਆਂ ਕਿਹਾ ਕਛੈਹਿਰੇ ਕ੍ਰਿਪਾਨ ਦੀ ਕੀ ਲੋੜ ਹੈ। ਸੁਰਤੀ ਦਾ ਮਾਰਗ ਹੈ। ਤੁਸੀਂ ਸੁਰਤੀ ਲਾ ਕੇ ਦਿਖਾ ਦਿਓ। ਜੇ ਤੁਹਾਨੂੰ ਰੱਬ ਮਿਲ ਗਿਆ ਹੈ ਤਾਂ ਦਸੋ। ਗੁਰੁ ਨਾਨਕ ਦੀ ਦਸੀ ਰਹਿਤ ਤੋਂ ਬਗੈਰ ਅਗਰ ਕਿਸੇ ਨੂੰ ਰੱਬ ਮਿਲਿਆ ਤਾਂ ਮੈ ਦਰਸ਼ਨ ਕਰਨਾ ਚਾਹੁੰਦਾ ਹਾਂ। ਖੋਜੀ ਹਾਂ ਖੋਜ ਕਰ ਰਿਹਾ ਹਾਂ।

------

## ਸਿਖੀ ਦੀ ਫੀਸ

ਕਲਗੀ ਵਾਲਿਆ ਤੇਰੇ ਸਕੂਲ ਅੰਦਰ, ਕਿਸੇ ਆਖਿਆ ਲਗਦੀ, ਫੀਸ ਕੋਈ ਨਾ।।
ਹੋਇਆ ਏਸੇ ਖਿਆਲ ਤੇ ਮੈਂ ਦਾਖਿਲ, ਦੇਣੇ ਪੈਣੇ ਬੀਸ ਤੇ ਤੀਸ ਕੋਈ ਨਾ।।
ਜਾ ਵਿਚ ਜਮਾਤ ਦੇ ਵੇਖਿਆ ਮੈਂ, ਦੂਜੇ ਮੁੰਡਿਆਂ ਦੇ ਧੜੀ ਸੀਸ ਕੋਈ ਨਾ।
ਲਾਸ਼ਾਂ ਤੜਫਦੀਆਂ ਜਿਵੇਂ ਮੁਰਗ ਬਿਸਮਿਲ, ਕਰ ਸਕਦਾ ਜਿਨ੍ਹਾ ਦੀ ਰੀਸ ਕੋਈ ਨਾ
ਏਥੇ ਲਾਜ਼ਮੀ ਸੀਸ ਦੀ ਭੇਟ ਦੇ ਕੇ, ਇਕ ਮੁੰਡੇ ਨੇ ਕਿਹਾ ਪੁਕਾਰ ਮੈਨੂੰ
ਸੀਸ ਫੀਸ ਦੇਸੇਂ ਜੇ ਗੁਰੂ-ਸਿੱਖਾਂ, ਸਬਕ ਮਿਲਸੀ ਦੂਜੀ ਵਾਰ ਤੈਨੂੰ।।

# ਉਤਮ ਪੁਰਸ਼

(ਸੂਬੇਦਾਰ ਧਰਮ ਸਿੰਘ ਸੁਜੋਂ)

ਅਜ ਤੋਂ ਕੁਝ ਸਮਾ ਪਹਿਲਾਂ ਅਸੀਂ ਇਸ ਸੰਸਾਰ ਵਿਚ ਆਏ ਸਾਂ। ਕੁਝ ਸਮਾਂ ਇਥੇ ਹੋਰ ਰੈਹਣਾ ਹੈ। ਆਖਰ ਇਸ ਸੰਸਾਰ ਨੂੰ ਛਡ ਕੇ ਚਲੇ ਜਾਣਾ ਹੈ। ਕਿਥੇ ਚਲੇ ਜਾਣਾ ਹੈ ਕਦੋਂ ਚਲੇ ਜਾਣਾ ਹੈ? ਇਸ ਬਾਰੇ ਸਾਨੂੰ ਕੋਈ ਪਤਾ ਨਹੀਂ। ਇਕ ਗਲ ਸਪਸ਼ਟ ਹੈ ਕਿ ਅਸੀਂ ਇਸ ਸੰਸਾਰ ਨੂੰ ਛੱਡ ਕੇ ਇਕ ਦਿਨ ਚਲੇ ਜ਼ਰੂਰ ਜਾਣਾ ਹੈ। ਇਸ ਲਈ ਸਾਡੇ ਹੱਥ ਵਿਚ ਜੋ ਸਮਾਂ ਬਾਕੀ ਹੈ, ਉਸ ਨੂੰ ਕਿਵੇਂ ਗੁਜ਼ਾਰੀਏ ਤਾਂ ਜੋ ਇਸ ਸੰਸਾਰ ਨੂੰ ਛੱਡ ਕੇ ਜਾਣ ਸਮੇਂ ਅਸੀਂ ਸੰਤੁਸ਼ਟ ਹੋ ਕੇ ਜਾਈਏ ਕਿ ਇਕ ਕਾਮਯਾਬ ਆਦਰਸ਼ ਪੁਰਸ਼ ਦੀ ਜੀਉਣੀ ਜੀਅ ਕੇ ਇਸ ਸੰਸਾਰ ਤੋਂ ਵਿਦਾਅ ਹੋ ਰਹੇ ਹਾਂ।

ਆਦਰਸ਼ ਜੀਵਨ ਜੀਉਣ ਲਈ ਸਾਨੂੰ ਸੋਚਣਾ ਪਵੇਗਾ ਕਿ ਸਾਡਾ ਜੀਵਨ ਦਾ ਲਕਸ਼ ਕਿਆ ਹੈ? ਜਦੋਂ ਜੀਵਨ ਲਕਸ਼ ਸਾਡੇ ਮਨ ਵਿਚ ਸਪਸ਼ਟ ਹੋ ਗਿਆ ਤਾਂ ਇਸ ਦੀ ਪਰਾਪਤੀ ਦੇ ਢੰਗ ਤਰੀਕੇ ਭੀ ਉਲੀਕਣੇ ਪੈਣਗੇ। ਕੁਦਰਤ ਦਾ ਇਕ ਨਿਯਮ ਹੈ ਕਿ "ਜਿਹ ਤੇ ਉਪਜਿਓ ਨਾਨਕਾ ਲੀਨ ਤਾਹਿ ਮਹਿ ਮਾਨਿ" (੧੪੨੮) ਇਸ ਨਿਯਮ ਅਨੁਸਾਰ ਸੰਸਾਰ ਦੀ ਹਰ ਸ਼ੈ ਇਕ ਚੱਕਰ ਵਿਚ ਹਰਕਤ ਕਰਦੀ ਹੈ। ਚੱਕਰ ਤੇ ਚਲਿਆਂ, ਇਕ ਵਕਤ ਐਸਾ ਆ ਜਾਂਦਾ ਹੈ ਜਦੋਂ ਅਸੀਂ ਉਸੀ ਥਾਂ ਪਹੁੰਚ ਜਾਂਦੇ ਹਾਂ ਜਿਥੋਂ ਅਸੀਂ ਚਲੇ ਸੀ। ਕੁਦਰਤ ਦਾ ਇਹ ਨਿਯਮ ਸੰਸਾਰ ਦੀ ਹਰ ਸ਼ੈ ਤੇ ਇਕ ਸਾਰ ਲਾਗੂ ਹੁੰਦਾ ਹੈ। ਅਸੀਂ ਭੀ ਇਸ ਸੰਸਾਰ ਦਾ ਇਕ ਛੋਟਾ ਜੇਹਾ ਅੰਗ ਹਾਂ। ਸਾਡੇ ਜੀਵਨ ਦਾ ਸਫਰ ਭੀ ਉਸ ਵਕਤ ਪੂਰਾ ਹੋਵੇਗਾ ਜਦੋਂ ਅਸੀਂ ਆਪਣੇ ਉਪਜ ਸਰੋਤਿ ਤਕ ਪਹੁੰਚ ਪਰਾਪਤ ਕਰਕੇ ਉਸ ਵਿਚ ਘੁਲ ਮਿਲ ਘਿਚ ਹੋ (Merge ਹੋ) ਇਸੀ ਦਾ ਰੂਪ ਹੋ ਜਾਵਾਂਗੇ।

ਲੰਮੀ ਬੈਹਸ ਵਿਚ ਨਾਂ ਜਾਈਏ ਸੰਖੇਪ ਵਿਚ ਅਰਜ਼ ਹੈ ਕਿ "ਏਕ ਨੂਰ ਤੇ ਸਭੁ ਜਗ ਉਪਜਿਆ" (੧੩੪੯) ਜਾਂ ਨਾਮ ਕੇ ਧਾਰੇ ਖੰਡ ਬ੍ਰਹਮੰਡ"॥ (੨੮੪) ਅਨੁਸਾਰ, ਸੰਸਾਰ ਦੀ ਰਚਨਾ, ਨੂਰ ਰੋਸ਼ਨੀ, ਜੋਤਿ ਜਾਂ ਨਾਮ ਤੋਂ ਹੋਈ ਹੈ। ਭਾਈ ਗੁਰਦਾਸ ਜੀ ਦੇ ਹੇਠ ਲਿਖੇ ਕਥਨ ਅਨੁਸਾਰ ਜੋਤਿ ਅਤੇ ਨਾਮ, ਨਿਰੰਕਾਰ ਦੇ ਆਕਾਰੀ ਰੂਪ ਦੇ ਹੀ ਦੋ ਵਖੋ ਵਖ ਨਾਮ ਹਨ।

ਨਿਰੰਕਾਰ ਆਕਾਰ ਕਰ ਜੋਤਿ ਸਰੂਪ ਅਨੂਪ ਦਖਾਇਯਾ॥
ਵੇਦ ਕਤੇਬ ਅਗੋਚਰਾ ਵਾਹਿਗੁਰੂ ਗੁਰ ਸ਼ਬਦ ਸੁਣਾਇਯਾ ॥ (ਵਾਰ ੧੨/੧੭)

ਨਿਰੰਕਾਰ, ਆਕਾਰ ਧਾਰਨ ਕਰਕੇ ਜੋਤਿ ਦੇ ਰੂਪ ਵਿਚ ਦਿਖਾਈ ਦਿੰਦਾ ਹੈ ਅਤੇ 'ਵਾਹਿਗੁਰੂ' ਸ਼ਬਦ, ਜਿਸ ਨੂੰ ਨਾਮ ਭੀ ਆਖਦੇ ਹਾਂ, ਦੇ ਰੂਪ ਵਿਚ ਸੁਣਾਈ ਦਿੰਦਾ ਹੈ। ਸਿਧ ਹੋਇਆ ਕਿ ਸਾਡੀ ਹੋਂਦ ਜਾਂ ਹਸਤੀ ਦਾ ਮੁੱਢ, ਨਿਰੰਕਾਰ ਦਾ ਆਕਾਰੀ ਰੂਪ ਜੋਤਿ ਅਤੇ ਨਾਮ ਹੈ। ਜਦੋਂ ਤਕ ਅਸੀਂ ਜੋਤਿ ਅਤੇ ਨਾਮ ਤਕ ਰਸਾਈ (ਪਹੁੰਚ) ਪਰਾਪਤ ਨਹੀਂ ਕਰ ਲੈਂਦੇ, ਸਾਡੀ ਜ਼ਿੰਦਗੀ ਦਾ ਸਫਰ ਜਾਰੀ ਰਹੇਗਾ। ਇਥੇ ਇਕ ਸਵਾਲ ਹੋ ਸਕਦਾ ਹੈ ਕਿ ਕਿਆ, ਜਦੋਂ ਤਕ ਜੋਤਿ ਅਤੇ ਨਾਮ ਤਕ ਪਹੁੰਚ ਪਰਾਪਤ ਨਹੀਂ ਹੁੰਦੀ, ਅਸੀਂ ਸੰਸਾਰ ਨੂੰ ਛੱਡ ਕੇ ਨੀਂ ਜਾ ਸਕਦੇ? ਜਾਂ ਦੂਸਰੇ ਲਫਜਾਂ ਵਿਚ ਸਾਡੀ ਮੌਤ ਨਹੀਂ ਹੋਵੇਗੀ?

ਇਹ ਸਵਾਲ ਕਰਨ ਵਿਚ ਅਸੀਂ ਇਕ ਬਹੁਤ ਵੱਡੀ ਭੁਲ ਦਾ ਸ਼ਿਕਾਰ ਹੋਏ ਹੋਏ ਹਾਂ ਭੁਲ ਇਹ ਹੈ ਕਿ ਅਸੀਂ ਆਪਣੇ ਸਥੂਲ ਸਰੀਰ (Physical Body) ਨੂੰ ਹੀ ਅਪਣਾ ਆਪ ਸਮਝ ਰਹੇ ਹਾਂ, ਜਦੋਂ ਕਿ ਇਹ ਸਰੀਰ ਤਾਂ ਸਾਡੇ ਆਪੇ ਦੀ ਰਿਹਾਇਸ਼ ਗਾਹ (ਰੈਹਣ ਵਾਲਾ ਘਰ) ਹੀ ਹੈ। ਇਸ ਸਥੂਲ ਸਰੀਰ ਦੀ ਬਣਤਰ ਪਰਕਿਰਤੀ (Matter) ਤੋਂ ਹੋਈ ਹੈ। ਇਸ ਦੇ ਅੰਦਰ ਇਕ ਹੋਰ, ਇਸੀ ਵਰਗਾ ਹੀ ਸਰੀਰ ਫਿਟ ਹੈ ਜਿਸ ਨੂੰ ਸੂਖਸ਼ਮ ਸਰੀਰ (Astral Body) ਆਖਦੇ ਹਾਂ। ਇਸ ਦੀ ਬਣਤਰ, ਸ਼ਕਤੀ (Energy) ਤੋਂ ਹੁੰਦੀ ਹੈ। ਸੂਖਸ਼ਮ ਸਰੀਰ ਦੇ ਅੰਦਰ ਇਕ ਹੋਰ ਸਰੀਰ ਹੈ ਜਿਸ ਨੂੰ ਕਾਰਨ ਸਰੀਰ (casual Body) ਆਖਦੇ ਹਨ। ਇਸ ਦੀ ਬਣਤਰ ਭੀ ਸ਼ਕਤੀ ਤੋਂ ਹੀ ਹੁੰਦੀ ਹੇ। ਇਨ੍ਹਾਂ ਤਿਨਾਂ ਹੀ ਸਰੀਰਾਂ ਦਾ ਕਾਰੀਆ ਖੇਤਰ ਵਖਰੋ ਵਖਰਾ ਹੈ। ਸਾਡਾ ਆਪਾ ਇਨ੍ਹਾ ਤਿਨ੍ਹਾਂ ਹੀ ਸਰੀਰਾਂ ਤੋਂ ਅਲੈਹਦਾ ਪਰ ਇਨ੍ਹਾ ਦੇ ਅੰਦਰ ਵਸਦਾ ਹੋਇਆ, ਅਪਣੀ ਸ਼ਕਤੀ ਇਨ੍ਹਾਂ ਤਿਨਾਂ ਹੀ ਸਰੀਰਾਂ ਨੂੰ ਪਰਦਾਨ ਕਰਕੇ, ਜ਼ਿੰਦਾ ਰਖਦਾ ਹੈ।


www.AKJ.Org

"ਕਹੁ ਕਬੀਰ ਇਹੁ ਰਾਮ ਕੀ ਅੰਸੁ"॥ (੮੭੧)

ਸਾਡਾ ਆਪਾ ਰਾਮ ਦੀ ਅੰਸ਼ ਹੋਣ ਦੇ ਨਾਤੇ ਹਰ ਤਰਾਂ ਦੇ ਦੁਖ ਸੁਖ ਤੋਂ ਨਿਰਲੇਪ ਹੈ। ਦੁਖ ਸੁਖ ਇਸ ਨੂੰ ਪੋਹ ਨਹੀਂ ਸਕਦੇ। ਅਸੀਂ ਹਾਂ ਕਿ ਦਿਨੇ ਰਾਤ ਦੁਖ ਸੁਖ ਦੇ ਚੱਕਰ ਵਿਚ ਫਸੇ ਫਿਰਦੇ ਹਾਂ। ਇਸ ਦੁਖ ਸੁਖ ਦਾ ਅਮਲ ਕਾਰਨ ਹੈ ਸਾਡਾ ਉਪਰ ਬਿਆਨ ਹੋਇਆ ਭੁਲੇਖਾ ਕਿ ਅਸੀਂ ਸਥੂਲ ਸਰੀਰ ਹਾਂ। ਇਸੀ ਭੁਲੇਖੇ ਨੂੰ ਮਾਇਆ ਆਖੋ ਜਾਂ ਸ਼ੈਤਾਨ, ਅਵਿਦਿਆ ਆਖੋ ਜਾਂ ਅਗਿਆਨ, ਨਜ਼ਰ ਦਾ ਧੋਖਾ ਆਖੋ ਜਾਂ ਅਜਕਲ ਦੀ ਬੋਲੀ ਵਿਚ Jllusion, ਇਹ ਭੁਲੇਖਾ ਜਦੋਂ ਤਕ ਕਾਇਮ ਹੈ, ਅਸੀਂ ਦੁਖ ਸੁਖ ਤੋਂ ਛੁਟਕਾਰਾ ਹਾਸਿਲ ਨਹੀਂ ਕਰ ਸਕਦੇ।

ਜ਼ਰਾ ਪਿਛੇ ਨੂੰ ਮੁੜੀਏ। ਸਾਡੀ ਹੋਂਦ ਦਾ ਮੂਲ ਹੈ ਨਿਰੰਕਾਰ ਦਾ ਆਕਾਰੀ ਰੂਪ, ਜੋਤਿ ਅਤੇ ਨਾਮ। ਜੋਤਿ ਅਤੇ ਨਾਮ ਤਕ ਪਹੁੰਚ ਪਰਾਪਤ ਕਰਨਾ ਸਾਡਾ ਜੀਵਨ ਲਕਸ਼ ਹੈ। ਇਸ ਲਕਸ਼ ਦੀ ਪਰਾਪਤੀ ਲਈ, ਅਸੀਂ ਪਹਿਲਾਂ ਨਾਮ ਨੂੰ ਪਕੜਨ ਦੀ ਕੋਸ਼ਿਸ਼ ਕਰਨੀ ਹੈ। ਨਾਮ ਨੂੰ ਪਕੜ ਕੇ (ਨਾਮ ਅਭਿਆਸ ਕਰਕੇ) ਜੋਤਿ ਤਕ ਰਸਾਈ ਹਾਸਿਲ ਕਰਨੀ ਹੈ। ਚੂੰਕਿ ਸੰਸਾਰ ਦੀ ਰਚਨਾਂ ਜੋਤਿ ਅਤੇ ਨਾਮ ਤੋਂ ਹੋਈ ਹੈ, ਇਸ ਲਈ ਸੰਸਾਰ ਦੇ ਕਣ ਕਣ ਵਿਚ, ਜੋਤਿ ਅਤੇ ਨਾਮ, ਗੁਪਤ, ਹਾਲਤ ਵਿਚ ਮੌਜੂਦ ਹਨ, ਜਿਵੇਂ ਬਰਫ, ਪਾਣੀ ਤੋਂ ਉਤਪਨ ਹੁੰਦੀ ਹੈ ਤਾਂ ਪਾਣੀ ਹੀ ਬਰਫ ਦੇ ਕਣ ਕਣ ਵਿਚ ਮੌਜੂਦ ਹੁੰਦਾ ਹੈ। ਸਾਡੇ ਅੰਦਰ ਭੀ ਜੋਤਿ ਅਤੇ ਨਾਮ ਗੁਪਤ ਹਾਲਤ ਵਿਚ ਮੌਜੂਦ ਹਨ। ਜਿਵੇਂ ਉਪਰ ਅਰਜ਼ ਕੀਤਾ ਹੈ ਕਿ ਪਹਿਲਾਂ ਨਾਮ ਨੂੰ ਗੁਪਤੋਂ ਪਰਗਟ ਕਰਨਾ ਹੈ। ਇਸ ਯਤਨ ਲਈ ਸਤਿਗੁਰੂ ਜੀ ਦੀ ਸਹਾਇਤਾ ਲੈਂਦੇ ਹਾਂ। ਸਤਿਗੁਰੂ ਜੀ ਗੁਪਤ ਨਾਮ ਨੂੰ ਜੋ ਕਿ ਇਕ ਸ਼ਕਤੀ ਹੈ, ਹਰਕਤ, ਜੁੰਬਸ਼ ਜਾਂ ਲਰਜ਼ਿਸ਼ ਵਿਚ ਲਿਆ, Vibration ਕਰਦੇ ਹਨ । Vibration ਦੇ ਕਾਰਨ ਸਾਡੇ ਅੰਦਰ ਵਾਹਿਗੁਰੂ ਦੀ ਆਵਾਜ਼ ਪੈਦਾ ਹੋ ਜਾਂਦੀ ਹੈ। ਅੰਦਰ ਪੈਦਾ ਹੋਈ ਆਵਾਜ਼ ਨਾਲ ਜੁੜਨ ਲਈ, ਸਤਿਗੁਰੂ ਜੀ ਨਾਮ ਅਭਿਆਸ ਦੀ ਅਰਧ ਉਰਧੀ, ਸੁਆਸ ਗਰਾਸ ਵਿਧੀ ਦ੍ਰਿੜ ਕਰਾਉਂਦੇ ਹਨ। ਇਸ ਵਿਧੀ ਦੁਆਰਾ, ਦਿਨੇ ਰਾਤ ਨਾਮ ਅਭਿਆਸ ਕਰਕੇ ਅਸੀਂ ਅੰਦਰੋਂ ਪਰਗਟ ਹੋਈ ਆਵਾਜ਼ ਨਾਲ ਜੁੜਨਾ ਹੁੰਦਾ ਹੈ।

"ਇਕਿ ਆਖਿ ਆਖਹਿ ਸਬਦੁ ਭਾਖਹਿ ਅਰਧ ਉਰਧ ਦਿਨੁ ਰਾਤਿ"॥ (੧੨੩੯)

ਅਗੋਂ ਲਗਾਤਾਰ ਨਾਮ ਅਭਿਆਸ ਕਮਾਈ ਦੁਆਰਾ, ਦਸਮ-ਦੁਆਰ ਖੁਲ ਕੇ "ਪ੍ਰਗਟੀ ਜੋਤਿ ਮਿਲੇ ਰਾਮ ਪਿਆਰੇ"॥ (੮੪੬) ਰਾਮ ਪਿਆਰੇ ਜਾਂ ਅਕਾਲ ਪੁਰਖ ਦੇ ਦਰਸ਼ਨ, ਜੋਤਿ ਦੇ ਰੂਪ ਵਿਚ ਹੁੰਦੇ ਹਨ। ਇਸ ਪਰਕਾਰ ਅਸੀਂ ਨਿਰੰਕਾਰ ਦੇ ਆਕਾਰੀ ਰੂਪ, ਜੋਤਿ ਅਤੇ ਨਾਮ ਜਿਸ ਨੂੰ ਅਕਾਲ ਪੁਰਖ ਜਾਂ ਪਰਮਾਤਮਾ ਭੀ ਆਖਦੇ ਹਨ ਵਿਚ ਲੀਨ ਹੋ "ਜਿਹ ਤੇ ਉਪਜਿਓ ਨਾਨਕਾ ਲੀਨ ਤਾਹਿ ਮਹਿ ਮਾਨਿ"॥ (੧੪੨੬) ਦੇ ਅਪਣੇ ਜੀਵਨ ਲਕਸ਼ ਨੂੰ ਪਰਾਪਤ ਕਰਦੇ ਹਾਂ। ਇਹ ਹੈ ਬਹੁਤ ਸੰਖੇਪ ਸ਼ਬਦਾ ਵਿਚ, ਜੀਵਨ ਲਕਸ਼ ਦੀ ਪਰਾਪਤੀ ਦਾ ਸਿਧਾਂਤ।

ਸਿਧਾਂਤ ਨੂੰ ਸਮਝ ਲੈਣ ਨਾਲ ਹੀ ਸਾਡਾ ਛੁਟਕਾਰਾ ਨਹੀਂ ਹੋ ਜਾਂਦਾ। ਸਿਧਾਂਤ ਦੀ ਰੋਸ਼ਨੀ ਵਿਚ, ਕੋਈ ਨਾ ਕੋਈ ਕਿਸੀ ਤਰਾਂ ਦਾ ਉਦਮ ਭੀ ਕਰਨਾ ਬਣਦਾ ਹੈ। ਇਸੀ ਉਦਮ ਪ੍ਰਥਾਏ ਹੀ ਸਾਹਿਬ ਗੁਰੂ ਰਾਮਦਾਸ ਜੀ ਇਕ ਗੁਰਸਿਖ ਦੇ ਨਿਤਨੇਮ ਦੀ ਰੂਪ ਰੇਖਾ, ਇਸ ਪਰਕਾਰ ਉਲੀਕਦੇ ਹਨ।

ਗੁਰ ਸਤਿਗੁਰ ਕਾ ਜੋ ਸਿਖੁ ਅਖਾਏ ਸੁ ਭਲਕੇ ਉਠਿ ਹਰਿ ਨਾਮੁ ਧਿਆਵੈ॥
ਉਦਮੁ ਕਰੇ ਭਲਕੇ ਪਰਭਾਤੀ ਇਸਨਾਨੁ ਕਰੇ ਅੰਮ੍ਰਿਤਸਰਿ ਨਾਵੈ॥
ਉਪਦੇਸ ਗੁਰੂ ਹਰਿ ਹਰਿ ਜਪੁ ਜਾਪੈ ਸਭਿ ਕਿਲਵਿਖ ਪਾਪ ਦੋਖ ਲਹਿ ਜਾਵੈ॥
ਫਿਰ ਚੜੈ ਦਿਵਸੁ ਗੁਰਬਾਣੀ ਗਾਵੈ ਬਹਿਦਿਆ ਉਠਦਿਆ ਹਰਿਨਾਮੁ ਧਿਆਵੈ॥
ਜੋ ਸਾਸ ਗਿਰਾਸਿ ਧਿਆਏ ਮੇਰਾ ਹਰਿ ਹਰਿ ਸੋ ਗੁਰਸਿਖੁ ਗੁਰੂ ਮਨਿ ਭਾਵੈ॥
ਜਿਸ ਨੋ ਦਇਆਲੁ ਹੋਵੈ ਮੇਰਾ ਸੁਆਮੀ ਤਿਸੁ ਗੁਰ ਸਿਖ ਗੁਰੂ ਉਪਦੇਸੁ ਸੁਣਾਵੈ॥
ਜਨੁ ਨਾਨਕ ਧੂੜ ਮੰਗੈ ਤਿਸੁ ਗੁਰ ਸਿਖ ਕੀ ਜੋ ਆਪਿ ਜਪੈ ਅਵਰਹ ਨਾਮੁ ਜਪਾਵੈ॥ (੩੦੫)

ਸ਼ਬਦ ਬਹੁਤ ਆਸਾਨ ਹੈ। ਇਸ ਦੀ ਹੋਰ ਵਿਆਖਿਆ ਦੀ ਕੋਈ ਲੋੜ ਪਰਤੀਤ ਨਹੀਂ ਹੁੰਦੀ। ਸਿਰਫ

ਅੰਮ੍ਰਿਤਸਰ ਦੇ ਇਸ਼ਨਾਨ ਦੀ ਥੋੜੀ ਜੇਹੀ ਸਪਸ਼ਟਤਾ ਦੀ ਲੋੜ ਹੈ। ਭਾਈ ਸਾਹਿਬ ਰਣਧੀਰ ਸਿੰਘ ਜੀ ਨੇ ਇਸ ਦੀ ਜੋ ਵਿਆਖਿਆ ਕੀਤੀ ਹੈ ਉਸ ਦਾ ਸਾਰ ਅੰਸ਼ ਇਹ ਹੈ ਕਿ ਜੋ ਸਜਨ ਅੰਮ੍ਰਿਤਸਰ ਸਰੋਵਰ ਦੇ ਨਜ਼ਦੀਕ ਹਨ ਓਹ ਤਾਂ ਸਰੋਵਰ ਵਿਚ ਇਸ਼ਨਾਨ ਕਰ ਸਕਦੇ ਹਨ। ਜੋ ਸਰੋਵਰ ਤੋਂ ਦੂਰ ਹਨ, ਸਰੋਵਰ ਵਿਚ ਇਸ਼ਨਾਨ ਕਰਨੇ ਨਹੀਂ ਪਹੁੰਚ ਸਕਦੇ, ਓਹ ਆਪੋ ਆਪਣੀ ਸਹੂਲੀਅਤ ਅਨੁਸਾਰ ਕਿਸੀ ਭੀ ਸ਼ੁਧਜਲ ਨਾਲ ਇਸ਼ਨਾਨ ਕਰਦੇ ਹੋਏ, ਗੁਰਮੰਤ੍ਰ ਦਾ ਜਾਪ ਨਾਲੋ ਨਾਲ ਕਰਦੇ ਰੈਹਣ ਜਾਂ ਕਿਸੀ ਭੀ ਗੁਰਬਾਣੀ ਦਾ ਪਾਠ ਕਰਦੇ ਹੋਏ ਇਸ਼ਨਾਨ ਕਰਨਾ ਜਾਪ ਜਾਂ ਪਾਠ ਸੈਹਤ ਕੀਤਾ ਇਸ਼ਨਾਨ, ਅੰਮ੍ਰਿਤਸਰ ਦਾ ਇਸ਼ਨਾਨ ਹੈ।

ਪੁਰਾਤਨ ਸਮਿਆ ਵਿਚ ਸਾਧੂ ਸੰਤ ਮਹਾਤਮਾ, ਘਰ ਬਾਰ ਤਿਆਗ ਕੇ ਬੀਆਬਾਨ, ਉਜਾੜਾਂ ਜੰਗਲਾਂ ਜਾਂ ਪਹਾੜਾਂ ਦੀਆਂ ਕੰਦਰਾ ਵਿਚ ਏਕਾਂਤ ਬਾਸ ਕਰਕੇ, ਭਜਨ ਬੰਦਗੀ ਕਰਿਆ ਕਰਦੇ ਸਨ। ਕਿਆ ਸਾਨੂੰ ਭੀ ਉਪਰ ਦਿਤੇ ਫੁਰਮਾਨ ਦੀ ਰੌਸ਼ਨੀ ਵਿਚ ਅਮਲ ਕਰਨੇ ਲਈ, ਕਿਸੀ ਜੰਗਲ ਬੀਆਬਾਨ ਜਾਂ ਪਹਾੜਾਂ ਦੀ ਕੰਦਰਾਂ ਵਿਚ ਏਕਾਂਤ ਬਾਸ ਦੀ ਲੋੜ ਹੈ? ਜੇ ਇਕ ਮਿੰਟ ਲਈ ਇਹ ਮੰਨ ਲਿਆ ਜਾਏ ਕਿ ਅਕਾਲ ਪੁਰਖ, ਘਰ ਬਾਰ ਤਿਆਗ ਕੇ ਕਿਤੇ ਏਕਾਂਤ ਵਿਚ ਭਜਨ ਬੰਦਗੀ ਕੀਤਿਆਂ ਹੀ ਮਿਲਦਾ ਹੈ ਤਾਂ ਜੇ ਕਿਤੇ ਸਾਰੀ ਦੁਨੀਆ ਨੂੰ ਹੀ, ਅਕਾਲ ਪੁਰਖ ਦੇ ਮਿਲਾਪ ਦਾ ਸ਼ੌਕ ਬਣ ਆਵੇ ਸਾਰੇ ਹੀ ਏਕਾਂਤ ਬਾਸ ਵੱਲ ਨੂੰ ਚਲ ਪੈਣ ਤਾਂ ਉਨ੍ਹਾਂਦੇ ਖਾਣ ਪੀਣ ਅਤੇ ਰੈਹਣ ਸੈਹਣ ਦਾ ਪ੍ਰਬੰਧ ਕੌਣ ਕਰੇਗਾ? ਮੁਆਫ ਕਰਨਾ ਇਸ ਦਾ ਉਤਰ ਕੁਝ ਮਜ਼ਾਕੀਆ (ਹਾਸੇ ਵਾਲਾ) ਜੇਹਾ ਹੈ ਕਿਸੀ ਸਾਧੂ ਦੇ ਡੇਰੇ ਵਿਚ ਚੇਲੇ ਬਹੁਤ ਹੋ ਗਏ। ਸਾਧੂ ਨੂੰ ਉਸ ਦਾ ਇਕ ਮੁਖੀ ਚੇਲਾ ਪੁਛਣ ਲਗਾ ਕਿ ਮਹਾਰਾਜ ਜੀ ਚੇਲੇ ਬਹੁਤ ਹੋ ਗਏ ਹਨ। ਇਨ੍ਹਾਂ ਦੇ ਖਾਣ ਪੀਣ ਦਾ ਪ੍ਰਬੰਧ ਕਿਵੇਂ ਕੀਤਾ ਜਾਏ? ਸਾਧੂ ਜੀ ਆਖਣ ਲਗੇ, "ਕਿ ਭਾਈ ਤੂੰ ਫਿਕਰ ਨਾ ਕਰ। ਭੁਖੇ ਮਰਨ ਲਗੇ ਤਾਂ ਆਪੇ ਹੀ ਦੌੜ ਜਾਣਗੇ।" ਅਸੀਂ ਭੀ ਕਿਤੇ ਜੰਗਲਾਂ ਪਹਾੜਾਂ ਵਿਚ ਏਕਾਂਤ ਬਾਸ ਕਰ ਲਿਆ ਤਾਂ ਸਾਨੂੰ ਭੀ ਕਿਤੇ ਸਾਧੂ ਦੇ ਚੇਲਿਆਂ ਵਾਂਗੂੰ ਭੁਖੇ ਮਰਦੇ ਹੋਏ, ਘਰ ਨੂੰ ਹੀ ਨਾਂ ਦੌੜਨਾ ਪਵੇ? ਇਸ ਲਈ ਅਸੀਂ ਅਪਣਾ ਜੀਵਨ ਗਰਹਸਤ ਵਿਚ ਰੈਹੰਦੇ ਹੋਏ, ਗਰਹਸਤ ਦੇ ਦੁਖਾਂ ਸੁਖਾਂ ਤੋਂ ਨਿਰਲੇਪ ਰੈਹੰਦੇ ਹੋਏ "ਅੰਜਨ ਮਾਹਿ ਨਿਰੰਜਨ ਰਹੀਐ ਜੋਗ ਜੁਗਤਿ ਇਵ ਪਾਈਐ"॥ (੭੩੦) ਦੇ ਫੁਰਮਾਨ ਦੀ ਰੌਸ਼ਨੀ ਵਿਚ ਬਤੀਤ ਕਰਨਾ ਹੈ। ਅੰਜਨ ਆਖਦੇ ਹਨ ਅੱਖ ਵਿਚ ਪਾਉਣ ਵਾਲੇ ਸੁਰਮੇ ਨੂੰ ਜਿਸ ਦਾ ਰੰਗ ਅਕਸਰ ਕਾਲਾ ਜੇਹਾ ਹੁੰਦਾ ਹੈ॥ 'ਨਿਰੰਜਨ'=ਨਿਰ-ਅੰਜਨ ਕਾਲਸ ਤੋਂ ਰੈਹਤ। ਅਸੀਂ ਸੰਸਾਰ ਦੇ ਦੁਖ ਸੁਖ ਤੋਂ ਨਿਰਲੇਪ ਰੈਹੰਦੇ ਹੋਏ, ਗਰਹਸਤ ਵਿਚ ਰੈਹ ਕੇ ਹੀ ਜੀਵਨ ਗੁਜ਼ਾਰਨਾ ਹੈ।

ਜਦੋਂ ਅਸੀਂ ਸੰਸਾਰ ਵਿਚ ਰੈਹ ਕੇ ਹੀ ਜੀਵਨ ਗੁਜ਼ਾਰਨਾ ਹੈ ਤਾਂ ਸਾਨੂੰ ਜੀਵਨ ਦੀਆਂ ਮੁਖ ਲੋੜਾਂ, ਗੁੱਲੀ, ਪੇਟ ਭਰਨ ਲਈ ਰੋਟੀ, ਜੁੱਲੀ, ਤਨ ਢਕਣ ਲਈ ਕਪੜਾ ਅਤੇ ਕੁੱਲੀ, ਸਿਰ ਢਕਣ ਲਈ ਮਕਾਨਦਾ ਪ੍ਰਬੰਧ ਭੀ ਕਰਨਾ ਪਵੇਂਗਾ। ਇਨ੍ਹਾਂ ਮੁਖਲੋੜਾਂ ਦੀ ਪੂਰਤੀ ਦੇ ਨਾਲੋ ਨਾਲ ਬੱਚਿਆਂ ਦਾ ਪਾਲਨ ਪੋਸ਼ਨ, ਪੜ੍ਹਾਈ ਲਿਖਾਈ ਅਤੇ ਵਿਆਹ ਸ਼ਾਦੀਆਂ ਲਈ ਭੀ ਸੋਚਣਾ ਹੋਵੇਗਾ। ਆਪਣੇ ਬਿਰਧ ਮਾਤਾ ਪਿਤਾ ਦੀ ਸੇਵਾ ਸੰਭਾਲ ਤੋਂ ਭੀ ਅਸੀਂ ਅਵੇਸਲੇ ਨਹੀਂ ਹੋ ਸਕਦੇ। ਇਹ ਜਾਂ ਕੁਛ ਹੋਰ ਭੀ ਕੋਈ ਲੋੜਾਂ ਹੋਣ ਤਾਂ ਉਨ੍ਹਾਂ ਨੂੰ ਪੂਰੀਆਂ ਕਰਨੇ ਲਈ ਭੀ, ਸਾਨੂੰ ਕੁਝ ਘਾਲ ਕਮਾਈ ਕਰਨੀ ਪਵੇਗੀ। ਇਸ ਮੰਤਵ ਦੀ ਪੂਰਤੀ ਲਈ ਖੇਤੀ ਬਾੜੀ, ਵਣਜ-ਵਿਉਪਾਰ ਜਾਂ ਨੌਕਰੀ ਆਦਿ ਵਗੈਰਾ, ਕੋਈ ਨਾਂ ਕੋਈ ਕਿੱਤਾ ਅਖਤਿਆਰ ਕਰਨਾ ਹੋਵੇਗਾ। ਜੇ ਸਾਡੀ ਨਜ਼ਰ ਕਿਸੀ ਗੁਆਢੀ ਦੀ ਕੋਠੀ, ਕਾਰ ਅਤੇ ਨੌਕਰਾਂ ਚਾਕਰਾਂ ਵਾਲਾ ਪਾਨੀ ਭਰ ਆਇਆ ਤਾ ਸਾਧਾਰਨ ਕਿੱਤੇ ਜਾਂ ਨੌਕਰੀ ਦੁਆਰਾ ਤਾਂ ਇਹ ਲੋੜਾ ਪੂਰੀਆਂ ਨਹੀਂ ਹੋਣੀਆਂ। ਫੇਰ ਸਾਡਾ ਰੁਖ, ਚੋਰੀ, ਡਾਕੇ, ਲੁਟਾ ਅਤੇ ਖੋਹਾ ਵਲ ਨੂੰ ਹੋ ਸਕਦਾ ਹੈ। ਹੁਣ ਸਾਨੂੰ ਇਹ ਫੈਸਲਾ ਕਰਨਾ ਪਵੇਗਾ ਕਿ ਇਨ੍ਹਾਂ ਦੋਨਾਂ ਰਾਹਾਂ ਵਿਚੋਂ ਕੇਹੜਾ ਰਾਹ ਅਖਿਤਿਆਰ ਕਰਨਾ ਹੈ?

"ਹਕੁ ਪਰਾਇਆ ਨਾਨਕਾ ਉਸੁ ਸੂਅਰ ਉਸੁ ਗਾਇ ॥" (੧੪੧)

ਜੇ ਅਸੀਂ ਚੋਰੀ ਡਾਕੇ ਜਾ ਲੁਟਾਂ ਖੋਹਾਂ ਵਾਲੇ ਰਾਹ ਪੈਂਦੇ ਹਾਂ ਤਾਂ ਇਹ ਪਰਾਏ ਹਕ ਤੇ ਜ਼ਬਰਦਸਤੀ ਕਬਜ਼ਾ ਹੋਵੇਗਾ ਜੋ ਸੂਅਰ ਜਾਂ ਗਾਂ ਖਾਣ ਦੇ ਤੁਲ ਹੋਵੇਗਾ। ਗੁਰਬਾਣੀ ਨੇ ਸਾਨੂੰ ਪਰਾਏ ਹਕ ਤੇ ਨਜ਼ਰ


www.AKJ.Org

ਰਖਣ ਤੋਂ ਵਰਜਿਆ ਹੈ ਤੇ ਹੁਕਮ ਦਿਤਾ ਹੈ ਕਿ "ਘਾਲਿ ਖਾਇ ਕਿਛੁ ਹਥਹੁ ਦੇਇ॥ ਨਾਨਕ ਰਾਹੁ ਪਛਾਣਹਿ ਸੇਇ" (੧੨੪੫) ਅਸੀਂ ਆਪਣੀ ਹੱਕ ਹਲਾਲ ਦੀ ਕਮਾਈ ਨਾਲ ਹੀ ਗੁਜ਼ਾਰਾ ਕਰਨਾ ਹੈ। ਆਪਣੀ ਕਮਾਈ ਵਿਚੋਂ ਕੁਝ ਰਕਮ ਬਚਾ ਕੇ, ਗਰੀਬਾਂ, ਅਨਾਥਾਂ ਅਪਾਹਜਾਂ ਰੋਗੀਆਂ ਆਦਿ ਦੀ, ਜੋ ਖੁਦ ਕਮਾਈ ਕਰਕੇ ਆਪਣਾ ਗੁਜ਼ਾਰਾ ਕਰਨ ਦੇ ਯੋਗ ਨਹੀਂ ਹਨ, ਉਨ੍ਹਾਂ ਦੀ ਮਦਦ ਕਰਨਾਂ ਭੀ ਸਾਡਾ ਫ਼ਰਜ਼ ਬਣਦਾ ਹੈ। ਇਥੋਂ ਹੀ ਪੰਥ ਅੰਦਰ ਦਸਵੰਧ ਕੱਢਣ ਦੀ ਪ੍ਰਥਾ ਦਾ ਅਰੰਭ ਹੋਇਆ। ਦਾਸ ਦੀ ਤੁੱਛ ਜੇਹੀ ਬੁਧੀ ਅਨੁਸਾਰ, ਦਸਵੰਧ ਦੀ ਭੀ ਕੁਝ ਗਲਤ ਵਰਤੋਂ ਹੋਣ ਲਗ ਪਈ ਹੈ। ਜਿਵੇਂ ਕੇ ਗੁਰਦਵਾਰਿਆਂ ਦੇ ਕਲਸਾਂ ਤੇ ਸੋਨੇ ਦੇ ਪੱਤਰੇ ਚੜ੍ਹਾਉਣਾ, ਗੁਰਦਵਾਰਿਆਂ ਅੰਦਰ ਸਜਾਵਟਾਂ ਆਦਿ ਤੇ ਬੇ-ਲੋੜਾ ਖਰਚ ਕਰਨਾ, ਦਿਨ ਤਿਓਹਾਰਾਂ ਤੇ, ਜਲੂਸਾਂ ਅਤੇ ਪ੍ਰਭਾਤ ਫੇਰੀਆਂ ਤੇ, ਪਾਠਾਂ ਜਾਂ ਅਖੰਡ ਪਾਠਾਂ ਤੇ, ਆਪਣੀ ਹਉਮੈ ਨੂੰ ਪੱਠੇ ਪਾਉਣ ਲਈ ਅਪਣਾ ਵੱਡ ਪੁਣਾਂ ਦਿਖਾਲਣ ਲਈ ਬੇਅੰਤ ਮਾਇਆ ਖਰਚ ਕਰਨਾ ਆਦਿ। ਜੇ ਏਹ ਹੀ ਪੈਸਾ ਸਕੂਲਾਂ ਕਾਲਜਾਂ ਹਸਪਤਾਲਾਂ ਆਦਿ ਤੇ ਜਾਂ ਧਰਮ ਪਰਚਾਰ ਲਈ ਖਰਚ ਕੀਤਾ ਜਾਵੇ ਤਾਂ ਇਹ ਜ਼ਿਆਦਾ ਬੇਹਤਰ ਹੋਵੇਗਾ। ਈਸਾਈ ਮੱਤਿ ਵਿਚ ਪਾਦਰੀ ਦੀ ਨਿਯੁਕਤੀ ਤੋਂ ਪਹਿਲਾਂ ਉਸ ਨੂੰ ਆਪਣੇ ਤੇ ਦੂਸਰੇ ਮਜ਼ਹਬਾਂ ਦੀ ਪੂਰੀ ਸਿਖਲਾਈ ਦਿਤੀ ਜਾਂਦੀ ਹੈ। ਇਸਲਾਮ ਵਿਚ ਮੌਲਵੀ ਜਾਂ ਮੁੱਲਾਂ ਦੀ ਸੇਵਾ ਤੇ ਲਾਏ ਜਾਣ ਤੋਂ ਪਹਿਲਾਂ ਉਨ੍ਹਾਂ ਨੂੰ ਦੇਓ ਬੰਦ ਮੁਸਲਮ ਯੂਨੀਵਰਸਿਟੀ ਵਿਚ ਟਰੇਨਿੰਗ ਦਿਤੀ ਜਾਂਦੀ ਹੈ ਜਦੋਂ ਕਿ ਸਿਖ ਧਰਮ ਵਿਚ ਗਰੰਥੀਆਂ ਜਾਂ ਪਰਚਾਰਕਾਂ ਦੀ ਸਿਖਲਾਈ ਦਾ ਕੋਈ ਐਸਾ ਪ੍ਰਬੰਧ ਨਹੀਂ ਹੈ। ਕੁਝ ਇਕ ਪਰਚਾਰਕਾਂ ਅਤੇ ਗਰੰਥੀਆਂ ਨੂੰ ਛੱਡ ਕੇ, ਬਹੁਤਿਆਂ ਨੂੰ ਦੂਸਰੇ ਮਜ਼ਹਬਾਂ ਦੀ ਤਾਂ ਕਿਆ, ਅਪਣੇ ਹੀ ਸਿਖ ਧਰਮ ਦੀ ਭੀ ਚੰਗੀ ਤਰਾਂ ਜਾਣਕਾਰੀ ਨਹੀਂ ਹੁੰਦੀ। ਕੁਝ ਪਰਚਾਰਕਾਂ ਨੇ ਤਾਂ ਇਸ ਨੂੰ ਪੈਸੇ ਕਮਾਉਣ ਦਾ ਇਕ ਸਾਧਨ ਹੀ ਬਣਾ ਰਖਿਆ ਹੈ। ਚੰਗਾ ਹੋਵੇ ਜੇ ਸਿਖ ਧਰਮ ਵਿਚ ਭੀ ਗਰੰਥੀਆਂ ਅਤੇ ਪਰਚਾਰਕਾਂ ਦੀ ਟ੍ਰੇਨਿੰਗ ਦਾ ਕੋਈ ਯੋਗ ਪ੍ਰਬੰਧ ਹੋਵੇ। ਇਸ ਮੰਤਵ ਲਈ ਖਰਚ ਕੀਤਾ ਗਿਆ ਪੈਸਾ, ਸੋਨੇ ਦੇ ਕਲਸਾਂ ਤੇ ਅਤੇ ਹੋਰ ਬੇਲੋੜੀ ਸਜਾਵਟਾਂ ਆਦਿ ਤੇ ਖਰਚ ਕਰਨ ਨਾਲੋਂ, ਧਨ ਦੀ ਇਹ ਬੇਹਤਰ ਵਰਤੋਂ ਹੋਵੇਗੀ।

ਮੁਆਫ ਕਰਨਾ, ਅਪਣੀ ਵਿਚਾਰ ਦੇ ਘੇਰੇ ਤੋਂ ਕੁਝ ਬਾਹਰ ਚਲੇ ਗਏ ਹਾਂ। ਜਿਥੇ ਅਸੀਂ ਹੱਕ ਹਲਾਲ ਦੀ ਕਮਾਈ ਕਰਕੇ ਖੁਦ ਗੁਜ਼ਾਰਾ ਕਰਨਾ ਹੈ ਅਤੇ ਹੋਰ ਲੋੜਵੰਦਾਂ ਦੀ ਯਥਾ ਸ਼ਕਤਿ ਸਹਾਇਤਾ ਕਰਨੀ ਹੈ ਉਥੇ ਹੀ ਸਮਾਜ ਵਿਚ ਰੈਹੰਦੇ ਹੋਏ, ਸਾਡੇ ਤੇ ਕੁਝ ਜ਼ੁਮੇਵਾਰੀਆਂ ਭੀ ਆਉਂਦੀਆਂ ਹਨ ਜਿਨ੍ਹਾਂ ਦੀ ਸਾਨੂੰ ਪਾਲਨਾ ਕਰਨੀ ਚਾਹੀਦੀ ਹੈ। ਜਿਵੇਂ ਕਿ "ਦੇਖ ਪਰਾਈਆਂ ਚੰਗੀਆਂ ਮਾਵਾਂ ਭੈਣਾ ਧੀਆਂ ਜਾਣੈ" ਵਾਰਾਂ ਭਾਈ ਗੁਰਦਾਸ ਜੀ, ਅਪਣੀ ਪਤਨੀ ਤੋਂ ਬਗੈਰ ਹੋਰ ਹਰ ਇਕ ਇਸਤਰੀ ਨੂੰ, ਉਸ ਦੀ ਉਮਰ ਦੇ ਲਿਹਾਜ਼ ਨਾਲ, ਮਾਂ, ਭੈਣ ਜਾਂ ਧੀ ਕਰਕੇ ਜਾਨਣਾ ਹੈ, ਮਾਂ, ਭੈਣ ਜਾਂ ਧੀ ਵਾਲਾ ਹੀ ਆਦਰ ਤੇ ਪਿਆਰ ਦੇਣਾ ਹੈ। ਇਸੀ ਤਰਾਂ ਇਸਤਰੀਆਂ ਨੇ ਭੀ ਆਪਣੇ ਪਤੀ ਤੋਂ ਇਲਾਵਾ, ਹਰ ਇਕ ਹੋਰ ਪੁਰਸ਼ ਨੂੰ, ਉਸ ਦੀ ਉਮਰ ਦੇ ਲਿਹਾਜ਼ ਨਾਲ, ਪਿਓ, ਭਾਈ ਜਾਂ ਪੁੱਤਰ ਕਰਕੇ ਜਾਨਣਾ ਹੈ ਅਤੇ ਆਦਰ ਤੇ ਪਿਆਰ ਕਰਨਾ ਹੈ।

"ਜੇਹਾ ਬੀਜੈ ਸੋ ਲੁਣੈ ਕਰਮਾ ਸੰਦੜਾ ਖੇਤੁ ॥" (੧੩੪)

As you sow, so shall you reap. ਜੋ ਕੁਝ ਅਸੀਂ ਕਿਸੇ ਨੂੰ ਦੇਵਾਂਗੇ ਓਹ ਹੀ ਕੁਝ ਸਾਨੂੰ ਵਾਪਸ ਮਿਲੇਗਾ। ਇਹ ਕੁਦਰਤ ਦਾ ਇਕ ਨਿਯਮ ਹੈ। ਇਸ ਲਈ ਅਸੀਂ ਹਰ ਇਕ ਪ੍ਰਾਣੀ ਮਾਤਰ ਨਾਲ ਓਹ ਹੀ ਸਲੂਕ ਕਰੀਏ ਜੇਹੜਾ ਸਲੂਕ ਜੇ ਕੋਈ ਸਾਡੇ ਨਾਲ ਕਰੇ ਤਾਂ ਸਾਨੂੰ ਉਹ ਬੁਰਾ ਨਾਂ ਲੱਗੇ। ਜਿਸ ਸਲੂਕ ਨੂੰ ਅਸੀਂ ਅਪਣੇ ਨਾਲ ਹੋਣਾ ਪਸੰਦ ਨਹੀਂ ਕਰਦੇ, ਖਿਆਲ ਰਖੀਏ ਕਿ ਅਸੀਂ ਓਹ ਸਲੂਕ ਦੂਸਰਿਆਂ ਨਾਲ ਭੀ ਨਾਂ ਕਰੀਏ। ਜੇ ਅਜ ਅਸੀਂ ਕਿਸੀ ਨਾਲ ਧੋਖਾ ਕਰਦੇ ਹਾਂ ਤਾਂ ਕਲ ਨੂੰ ਸਾਡੇ ਨਾਲ ਭੀ ਧੋਖਾ ਹੋਵੇਗਾ। ਜੇ ਅਜ ਅਸੀਂ ਕਿਸੀ ਦੇ ਘਰ ਡਾਕਾ ਮਾਰਦੇ ਹਾਂ ਤਾਂ ਕਲ ਨੂੰ ਸਾਡੇ ਘਰ ਭੀ ਡਾਕਾ ਪਵੇਗਾ। ਜੇ ਅਜ ਅਸੀਂ ਕਿਸੀ ਦੀ ਧੀ ਭੈਣ ਨੂੰ ਬੁਰੀ ਨਜ਼ਰ ਨਾਲ ਦੇਖਦੇ ਹਾਂ ਤਾਂ ਕਲ ਨੂੰ ਸਾਡੀ ਧੀ ਭੈਣ ਦੀ ਇਜ਼ਤ ਭੀ ਨਹੀਂ ਬਚੇਗੀ। ਜੇ ਅਸੀਂ ਕਿਸੀ ਦਾ ਸਿਰ ਕੱਟਦੇ ਹਾਂ ਗਲਾ ਮਰੋੜਦੇ ਹਾਂ ਤਾਂ ਕਲ ਨੂੰ ਸਾਡਾ ਭੀ ਸਿਰ ਕਟਿਆ ਜਾਏਗਾ। ਗਲਾ ਮਰੋੜਿਆ ਜਾਏਗਾ। To every action there is opposit and equal reaction


www.AKJ.Org

ਕੁਦਰਤ ਦੇ ਇਸ ਨਿਯਮ ਦੀ ਅਸੀਂ ਉਲੰਘਣਾਂ ਨਹੀਂ ਕਰ ਸਕਦੇ, ਇਸ ਵਿਸ਼ੇ ਤੇ ਬਹੁਤ ਕੁਝ ਲਿਖਣ ਦੀ ਥਾਂ, ਇਕ ਛੋਟੀ ਜੇਹੀ ਕਹਾਣੀ ਪੇਸ਼ ਕਰਨੀ ਹੀ ਕਾਫੀ ਹੈ।

ਭਾਈ ਸਾਹਿਬ ਰਣਧੀਰ ਸਿੰਘ ਜੀ, ਉਚ ਕੋਟੀ ਦੇ ਨਾਮ ਅਭਿਆਸੀ, ਦਿਵ-ਦ੍ਰਿਸ਼ਟੀ ਦੇ ਮਾਲਕ ਅਤੇ ਇਕ ਦੇਸ਼ ਭਗਤ ਗੁਰਸਿਖ ਹੋਏ ਹਨ। ਆਪ ਜੀ ਨੂੰ ਸੰਨ 1916 ਵਿਚ ਲਾਹੌਰ ਸਾਜ਼ਿਸ਼ ਕੇਸ ਅਧੀਨ, ਅੰਗਰੇਜ਼ ਹਕੂਮਤ ਦੇ ਖਿਲਾਫ, ਬਗ਼ਾਵਤ ਦੇ ਅਲਜ਼ਾਮ ਹੇਠ ਉਮਰ ਕੈਦ ਦੀ ਸਜ਼ਾ ਹੋਈ ਸੀ। ਇਕ ਦਫਾ ਉਨ੍ਹਾਂ ਨੇ ਜੇਅਲ ਵਿਚ ਭੁਖ ਹੜਤਾਲ ਕਰ ਦਿਤੀ। (ਸ਼ਾਇਦ ਇਹ ਨਾਗਪੁਰ ਜੇਅਲ ਦਾ ਵਾਕਿਆ ਹੈ) ਆਪ ਜੀ ਨੂੰ ਜ਼ਬਰਦਸਤੀ ਖੁਰਾਕ ਦੇਣ ਦੀ ਕੋਸ਼ਿਸ਼ ਕੀਤੀ ਗਈ। ਜ਼ਬਰਦਸਤੀ ਕਰਦਿਆਂ, ਉਨ੍ਹਾਂ ਦੇ ਦੋ ਦੰਦ ਟੁਟ ਗਏ ਪਰ ਉਨ੍ਹਾ ਨੂੰ ਖੁਰਾਕ ਨਾਂ ਦਿਤੀ ਜਾ ਸਕੀ। ਫੇਰ ਉਨ੍ਹਾ ਨੂੰ ਬੇ-ਇਜ਼ਤ ਕਰਨ ਲਈ, ਜ਼ਬਰਦਸਤੀ ਅਨੀਮਾ ਕੀਤਾ ਗਿਆ, ਭਾਈ ਸਾਹਿਬ ਨੇ ਜੇਅਲ ਦੇ ਇੰਚਾਰਜ ਜੇਅਲਰ ਨੂੰ ਆਖਿਆ ਕਿ ਤੁਸੀਂ ਜੋ ਮੇਰੇ ਦੰਦ ਤੋੜੇ ਹਨ, ਮੈਨੂੰ ਇਸ ਦਾ ਕੋਈ ਅਫਸੋਸ ਨਹੀਂ ਹੈ। ਕਿਉਂਕਿ ਕਿਸੀ ਪਿਛਲੇ ਜਨਮ ਵਿਚ ਮੈਂ ਤੇਰੇ ਦੰਦ ਤੋੜੇ ਸਨ ਤੇ ਤੈਂ ਕਿਸੀ ਨਾ ਕਿਸੀ ਜਨਮ ਵਿਚ ਮੇਰੇ ਦੰਦ ਤੋੜਨੇ ਹੀ ਸਨ। ਸੋ ਤੂੰ ਹੁਣ ਮੇਰੇ ਦੰਦ ਤੋੜ ਕੇ ਹਿਸਾਬ ਬਰਾਬਰ ਕਰ ਦਿਤਾ ਹੈ। ਅਨੀਮਾ ਕਰਨੇ ਵਾਲੀ 'ਭਾਜੀ' ਤੂੰ ਹੁਣ ਵਾਧੂ ਪਾਈ ਹੈ। ਅਸੀਂ ਹੋਰ ਜਨਮ ਲੈਣਾ ਨਹੀਂ। ਇਸ ਲਈ ਅਸੀਂ ਤੇਰੀ ਇਹ 'ਭਾਜੀ' ਤੈਨੂੰ ਮੋੜ ਨਹੀਂ ਸਕਾਂਗੇ। ਸਾਡੀ ਥਾਂ ਇਹ 'ਭਾਜੀ' ਤੈਨੂੰ ਕੋਈ ਹੋਰ ਸ਼ਖ਼ਸ਼ ਹੀ ਮੋੜੇਗਾ।

ਦੇਖਣ ਨੂੰ ਤਾਂ ਇਹ ਇਕ ਬਹੁਤ ਹੀ ਮਾਮੂਲੀ ਜੇਹਾ ਹੀ ਵਾਕਿਆ ਲਗਦਾ ਹੈ, ਪਰ ਇਸ ਦੇ ਪਿਛੇ ਕੁਦਰਤ ਦਾ ਇਕ ਗੈਹਰਾ ਰਾਜ਼ ਛੁਪਿਆ ਹੋਇਆ ਪਰਤੀਤ ਹੁੰਦਾ ਹੈ। ਓਹ ਇਹ ਕਿ ਅਸੀਂ ਅਜ ਜੋ ਸਲੂਕ ਕਿਸੀ ਨਾਲ ਕਰਦੇ ਹਾਂ, ਕਲ ਨੂੰ ਓਹ ਹੀ ਸਲੂਕ ਸਾਡੇ ਨਾਲ ਭੀ 'ਅਵਸ਼' ਹੀ ਹੋਵੇਗਾ। ਇਥੇ ਇੰਗਲੈਂਡ ਵਿਚ ਕਈ ਕਈ ਘੋੜ ਸਵਾਰ ਇਕੱਠੇ ਹੋ ਕੇ ਕੁਤਿਆਂ ਦੀਆਂ ਹੇੜਾਂ ਦੀਆ ਹੇੜਾਂ ਲੈ ਕੇ ਲੂੰਬੜ ਦੇ ਸ਼ਿਕਾਰ (Fox hunting) ਲਈ ਚੱਲ ਪੈਂਦੇ ਹਨ। ਲੂੰਬੜ ਕਿਤੇ ਨਜ਼ਰ ਆ ਜਾਏ, ਕੁੱਤੇ ਉਸ ਦੀ ਬੋਟੀ ਬੋਟੀ ਕਰ ਦਿੰਦੇ ਹਨ। ਅਜ ਕਲ ਇਥੇ U.K. ਵਿਚ ਜਾਨਵਰਾਂ ਨਾਲ ਇਸ ਤਰਾਂ ਦੇ ਜ਼ੁਲਮ ਦੇ ਖਿਲਾਫ, ਪਰਾਲੀਮੈਂਟ ਵਿਚ ਭੀ ਆਵਾਜ਼ ਉਠੀ ਹੈ। ਸਪੇਨ ਵਿਚ ਇਕ ਸਾਂਡ੍ਹ ਨੂੰ ਖੁੱਲਾ ਛੱਡ ਕੇ ਉਸ ਦੇ ਸਰੀਰ ਤੇ 'ਸੂਏ (Darts) ਮਾਰੇ ਜਾਦੇ ਹਨ। ਟੈਲੀਵੀਜ਼ਨ ਤੇ ਕਈ ਦਫਾ ਸਾਂਡ੍ਹਾਂ ਦੇ ਸਰੀਰ ਸੂਇਆ (Darts) ਨਾਲ ਭਰੇ ਹੋਏ ਦੇਖੀਦੇ ਹਨ। ਕਿਆ ਇਹ ਬੇਜ਼ਬਾਨ ਜਾਨਵਰਾਂ ਦੇ ਨਾਲ ਜ਼ੁਲਮ ਨਹੀਂ ਹੈ? ਪਰ ਇਥੇ ਦੇ, ਅਪਣੇ ਆਪ ਨੂੰ ਦੁਨੀਆ ਭਰ ਵਿਚ ਸਭ ਤੋਂ ਵੱਧ ਸੱਭਯ (edilisted) ਕਹਾਉਣ ਵਾਲੇ ਲੋਕੀਂ ਇਸ ਨੂੰ ਦਿਲ ਪਰਚਾਵਾ ਜਾਂ sports ਦਾ ਨਾਮ ਦਿੰਦੇ ਹਨ। ਉਪਰ ਬਿਆਨ ਕੀਤੀ ਕਹਾਣੀ ਦੀ ਰੌਸ਼ਨੀ ਵਿਚ, ਕਿਆ ਇਹ ਮਨ ਪਰਚਾਵੇ ਦੀ ਆੜ ਵਿਚ, ਜਾਨਵਰਾਂ ਤੇ ਜ਼ੁਲਮ ਕਰਨੇ ਵਾਲਿਆਂ ਨੂੰ ਖੁਦ ਕਿਸੀ ਵਕਤ ਇਸੀ ਜ਼ੁਲਮ ਦਾ ਸ਼ਿਕਾਰ ਨਹੀਂ ਬਨਣਾ ਪਵੇਗਾ? ਦਾਸ ਇਥੇ ਮਾਸ ਖਾਣ ਵਾਲਿਆਂ ਸੱਜਨਾਂ ਦੀ ਸੇਵਾ ਵਿਚ ਅਰਜ਼ ਕਰਨਾ ਚਾਹੇਗਾ ਕਿ ਬੱਕਰੇ ਯਾ ਮੁਰਗੇ ਨੂੰ ਹਲਾਲ ਕਰਕੇ ਕਤਲ ਕਰੋ ਜਾਂ ਇਕ ਟੱਕ ਨਾਲ ਝਟਕਾ ਕਰੋ, ਕਤਲ ਆਖਰ ਕਤਲ ਹੈ। ਕਲ ਨੂੰ ਓਹ ਹੀ ਬੱਕਰਾ ਯਾ ਮੁਰਗਾ, ਆਦਮੀ ਬਣਕੇ, ਤੁਹਾਡੇ ਕਿਸੀ ਅਗਲੇ ਜਨਮ ਵਿਚ, ਤੁਹਾਡੇ ਬੱਕਰੇ ਜਾ ਮੁਰਗੇ ਦੇ ਸਰੂਪ ਤੇ ਛੁਰੀ ਫੇਰੇਗਾ ਜਾਂ ਤਲਵਾਰ ਦਾ ਵਾਰ ਕਰਕੇ ਝਟਕਾ ਕਰੇਗਾ ਤਾ ਫੇਰ ਤੁਹਾਨੂੰ ਭੀ ਕੋਈਂ ਅਫਸੋਸ ਨਹੀਂ ਹੋਣਾ ਚਾਹੀਦਾ। ਐਸਾ ਕੁਦਰਤ ਦੇ ਨਿਯਮ ਅਨੁਸਾਰ ਹੋਇਗਾ ਤਾਂ ਅਵੱਸ਼ ਹੀ। ਉਸ ਵਕਤ ਆਪ ਜੀ ਨੂੰ ਭੀ ਖਿੜੇ ਮੱਥੇ, ਇਹ ਮਨ ਹੀ ਲੈਣਾ ਚਾਹੀਦਾ ਹੈ ਕਿ

*"ਜੋ ਮੈ ਕੀਆ ਸੋ ਮੈ ਪਾਇਆ ਦੋਸੁ ਨ ਦੀਜੈ ਅਵਰ ਜਨਾਂ"॥* (੪੩੩)

ਇਹ ਲੰਮੀ ਚੌੜੀ ਕਥਾ ਕਥਨ ਦਾ ਭਾਵ ਇਹ ਹੈ ਕਿ ਅਸੀਂ ਅਪਣੇ ਜੀਵਨ ਕਾਲ ਵਿਚ, ਕਿਸੀ ਨੂੰ ਭੀ, ਨਾ ਹੀ ਕਿਸੀ ਤਰਾਂ ਦਾ ਦੁਖ ਦੇਈਏ "ਦੂਖੁ ਨ ਦੇਈ ਕਿਸੈ ਜੀਅ ਪਤਿ ਸਿਉ ਘਰਿ ਜਾਵਉ"॥ (੩੨੨) ਅਤੇ ਨਾਂ ਹੀ ਕਿਸੀ ਦਾ ਦਿਲ ਦੁਖਾਈਏ "ਹਿਆਉ ਨ ਢਾਹੇ ਕਹੀਦਾ॥" (੧੩੮੪)

ਇਕ ਹੋਰ ਬੀਮਾਰੀ ਐਸੀ ਹੈ ਜੋ ਸਾਨੂੰ ਚੁਪ ਚਪੀਤੇ ਆ ਚਿਬੰੜਦੀ ਹੈ, ਪਰ ਸਾਨੂੰ ਪਤਾ ਭੀ ਨਹੀਂ ਲਗਦਾ। ਓਹ ਬੀਮਾਰੀ ਹੈ ਕਿਸੀ ਦੀ ਨਿੰਦਿਆ ਕਰਨਾ, ਕਿਸੀ ਦੇ ਔਗਣ ਚਿਤਾਰਨਾ। ਕਿਸੀ ਦਾ ਨਿੰਦਿਆ ਕਰਦੇ ਸਮੇਂ ਅਸੀਂ ਕੁਝ ਖੁਸ਼ੀ ਜੇਹੀ ਭੀ ਮੈਹਸੂਸ ਕਰਦੇ ਹਾਂ। ਨਿੰਦਿਆ ਕਰਨੇ ਵਿਚ ਸਾਨੂੰ ਕੁਝ ਆਨੰਦ ਜੇਹਾ ਭੀ ਆਉਂਦਾ ਹੈ। ਕਾਰਨ ਇਹ ਹੈ ਕਿ ਜਦੋਂ ਅਸੀਂ ਕਿਸੀ ਦੀ ਨਿੰਦਿਆ ਕਰਦੇ ਹਾਂ ਤਾਂ ਉਸ ਨੂੰ ਅਸੀਂ ਘਟੀਆ ਤੇ ਅਪਨੇ ਆਪ ਨੂੰ ਉਸ ਤੋਂ ਕੁਝ ਉਤਮ ਖਿਆਲ ਕਰਦੇ ਹਾਂ। ਇਸ ਤਰਾਂ ਅਸੀਂ ਅਪਣੀ ਹਉਮੈਂ ਨੂੰ, ਬੇਮਲੂਮੇ ਜੇਹੇ ਹੀ ਪੱਠੇ ਪਾ ਪਾ ਬਲਵਾਨ ਕਰਦੇ ਹਾਂ। ਜਿਤਨੀ ਕਿਸੀ ਦੀ ਨਿੰਦਿਆ ਕਰਦੇ ਹਾਂ ਉਤਨਾ ਹੀ ਅਪਣੀ ਹਉਮੈਂ ਨੂੰ ਬਲਵਾਨ ਕਰਦੇ ਹਾਂ। ਹਉਮੈਂ ਬਲਵਾਨ ਹੁੰਦੀ ਹੈ ਤਾਂ ਸਾਨੂੰ ਖੁਸ਼ੀ ਮੈਹਸੂਸ ਹੁੰਦੀ ਹੈ। ਅਨੰਦ ਆਉਂਦਾ ਹੈ। ਅਸੀਂ ਇਹ ਭੁਲ ਹੀ ਜਾਦੇ ਹਾਂ ਕਿ "ਹਉਮੈ ਦੀਰਘ ਰੋਗੁ ਹੈ" (੪੬੬) ਅਸੀਂ ਦੀਰਘ ਰੋਗ ਨੂੰ ਪਾਲੀ ਜਾਦੇ ਹਾਂ, ਜਿਸ ਦੀ ਨਿੰਦਿਆ ਕਰਦੇ ਹਾਂ ਉਸ ਦਾ ਭਾਰ ਹੌਲਾ ਹੋਈ ਜਾਂਦਾ ਹੈ। ਆਖਰ "ਨਿੰਦਕ ਡੂਬਾ ਹਮ ਉਤਰੇ ਪਾਰ ॥ ਨਿੰਦਕ ਡੁਬ ਜਾਂਦਾ ਹੈ। ਜਿਸ ਦੀ ਨਿਦਿਆ ਹੁੰਦੀ ਹੈ ਉਸ ਦਾ ਪਾਰ ਉਤਾਰਾ ਹੋ ਜਾਂਦਾ ਹੈ। ਇਸ ਲਈ ਕਿਸੀ ਦੀ ਭੀ ਨਿੰਦਿਆ ਕਰਨ ਤੋਂ ਸੰਕੋਚ ਕਰਨਾ ਚਾਹੀਦਾ ਹੈ। ਹਮੇਸ਼ਾ ਗੁਰਬਾਣੀ ਦਾ ਇਹ ਫੁਰਮਾਨ ਯਾਦ ਰਖਣਾ ਚਾਹੀਦਾ ਹੈ ਕਿ "ਹਮ ਨਹੀਂ ਚੰਗੇ ਬੁਰਾ ਨਹੀਂ ਕੋਇ"॥ (੭੨੮)

" ਨਿਵਣੁ ਸੁ ਅਖਰੁ ਖਵਣੁ ਗੁਣੁ ਜਿਹਬਾ ਮਣੀਆ ਮੰਤੁ॥ (੧੩੮੪)

ਇਹ ਫਰਮਾਨ ਵਿਆਹ ਸ਼ਾਦੀ ਦੇ ਸਮੇਂ ਕਿਸੀ ਬੱਚੀ ਨੂੰ ਹੀ ਸਿਖਿਆ ਦੇਣ ਲਈ ਨਹੀਂ ਹੈ ਬਲਕਿ ਸਾਡੇ ਤੁਹਾਡੇ ਸਾਰਿਆਂ ਲਈ ਹਦਾਇਤ ਹੈ ਕਿ ਅਸੀਂ ਅਪਣਾ ਜੀਵਨ ਨਿਮਰਤਾ ਸੈਹਤ ਬਤੀਤ ਕਰੀਏ। ਕਿਸੀ ਵਕਤ ਕਿਸੀ ਵਲੋਂ ਕੋਈ ਐਸੀ ਗਲ ਕੀਤੀ ਜਾਏ ਜਾਂ ਐਸਾ ਸਲੂਕ ਕੀਤਾ ਜਾਏ ਜੋ ਸਾਨੂੰ ਚੰਗਾ ਨਾਂ ਲਗੇ ਤਾਂ ਉਸ ਨੂੰ ਅਖੋਂ ਪਰੋਖੋਂ ਕਰ ਛਡੀਏ। ਛੋਟੀ ਛੋਟੀ ਗੱਲੋਂ ਕਿਸੀ ਦੇ ਗਲ ਨਾ ਪਾਈਏ। ਉਸ ਨੂੰ ਖਿਮਾ ਕਰ ਦੇਈਏ। ਦੇਖ ਕੇ ਅਣਡਿਠ ਕਰ ਛੱਡੀਏ। ਛੋਟੀ ਛੋਟੀ ਗੱਲੋਂ ਕਿਸੀ ਦੇ ਗਲ ਨਾਂ ਪੈਂਦੇ ਰਹੀਏ। ਖਿਮਾ ਕਰਨਾ, ਇਕ ਐਸਾ ਵੱਡਾ ਗੁਣ ਹੈ ਜਿਸ ਤੇ ਕੋਈ ਵੱਡੇ ਦਿਲ ਗੁਰਦੇ ਵਾਲਾ ਇਨਸਾਨ ਹੀ ਅਮਲ ਕਰ ਸਕਦਾ ਹੈ। ਆਮ ਲੋਕੀ ਤਾਂ ਛੋਟੀ ਛੋਟੀ ਗਲ ਤੋਂ ਹੀ ਲੜ ਝਗੜ ਪੈਂਦੇ ਹਨ। ਹਾਂ ਅਤਿ ਦੀ ਆਈ ਨੂੰ ਹੀ, ਜਦੋਂ ਕੋਈ ਸ਼ਰਾਫ਼ਤ ਨੂੰ ਸਾਡੀ ਕਮਜ਼ੋਰੀ ਸਮਝ ਕੇ, ਗਲ ਪੈਣ ਤੋਂ ਹਟੇ ਹੀ ਨਾਂ। ਬਾਜ਼ ਹੀ ਨਾਂ ਆਏ। ਤਾ ਫੇਰ ਉਸ ਨੂੰ ਐਸਾ ਕਰਨ ਤੋਂ ਰੋਕਣ ਲਈ ਕੋਈ ਭੀ ਯੋਗ ਕਾਰਵਾਈ ਕਰਨਾ ਉਚਿਤ ਹੈ। "ਚੂੰ ਕਾਰ ਅਜ਼ ਹਮਾ ਹੀਲਤੇ ਦਰ ਗੁਜ਼ਸ਼ਤ" ਹਲਾਲ ਅਸਤ ਬੁਰਦਨ ਬਸ਼ਮਸ਼ੀਰਦਸਤ" (ਜ਼ਫ਼ਰਨਾਮਾ) ਜਦੋਂ ਕਿਸੀ ਮਸਲੇ ਨੂੰ ਹਲ ਕਰਨ ਦੇ ਸਭ ਢੰਗ ਤਰੀਕੇ ਅਸਫਲ ਹੋ ਜਾਦ ਤਾਂ ਤਾਕਤ ਦੀ ਵਰਤੋਂ ਕਰਨਾਂ ਜ਼ਾਇਜ਼ ਹੈ। ਉਪਰ ਦਿਤੇ ਵਾਕ ਦਾ ਆਖਰੀ ਹਿੱਸਾ ਹੈ "ਜਿਹਬਾ ਮਣੀਆ ਮੰਤੁ" ਜਿਸ ਦਾ ਭਾਵ ਹੈ ਕਿ ਹਮੇਸ਼ਾ ਮਿਠਾ ਬੋਲੀਏ ਤੇ ਸੱਚ ਬੋਲੀਏ। ਕੋੜਾ ਬਿਦੀ ਕਿਸੀ ਨੂੰ ਨਾਂ ਆਖੀਏ। "ਮਿਠ ਬੋਲੜਾ ਜੀ ਹਰਿ ਸਜਣੁ ਸੁਆਮੀ ਮੋਰਾ॥ ਹਉ ਸੰਮਲਿ ਥਕੀ ਜੀ ਓਹੁ ਕਦੇ ਨ ਬੋਲੇ ਕਉਰਾ ॥" (੭੮੪) ਅਸੀਂ ਇਨ੍ਹਾਂ ਗੁਰ ਫੁਰਮਾਨਾਂ ਅਨੁਸਾਰ ਜੀਵਨ ਢਾਲੀਏ ਤਾਂ ਸਾਡਾ ਜੀਵਨ, ਇਕ ਸਰਲ ਸ਼ਾਂਤ ਚਿਤ ਅਤੇ ਨੇਕ ਸੁਭਾਓ ਵਾਲਾ ਜੀਵਨ ਬਣ ਜਾਏਗਾ।

"ਹਿੰਦੂ ਤੁਰਕ ਕੋਊ ਰਾਫ਼ਜੀ ਇਮਾਮ ਸਾਫ਼ੀ ਮਾਣਸ ਕੀ ਜਾਤਿ ਸਬੈ ਏਕੈ ਪਹਿਚਾਨਬੋ"

ਹਰ ਇਕ ਇਨਸਾਨ ਦੀ ਅਪਣਤ ਦਾ ਇਕ ਘੇਰਾ ਹੁੰਦਾ ਹੈ। ਘੇਰੇ ਦੀ ਹਦ ਤਕ ਸਾਡਾ ਹਰ ਇਕ ਨਾਲ ਪਿਆਰ ਹੁੰਦਾ ਹੈ। ਅਸੀਂ ਇਕ ਦੂਸਰੇ ਦੀ ਲੋੜ ਅਨੁਸਾਰ ਮਦਦ ਭੀ ਕਰਦੇ ਹਾਂ। ਜਿਥੇ ਅਪਣਤ ਦਾ ਘੇਰਾ ਖਤਮ ਹੁੰਦਾ ਹੈ, ਅਗੋਂ ਦਵੈਤ, ਗੈਰੀਅਤ ਜਾਂ ਦੂਜਾਪਨ ਸ਼ੁਰੂ ਹੁੰਦਾ ਹੈ। ਉਥੋਂ ਸਾਡਾ ਪਿਆਰ ਘਟ ਜਾਂਦਾ ਹੈ। ਅਕਸਰ ਟਕਰਾਓ ਦੀ ਹਾਲਤ ਭੀ ਪੈਦਾ ਹੋ ਸਕਦੀ ਹੈ ਅਪਣਤ ਦਾ ਘੇਰਾ, ਪਹਿਲਾਂ ਅਪਣੇ ਪਰਵਾਰ ਤੋਂ ਸ਼ੁਰੂ ਹੁੰਦਾ ਹੈ। ਅਗੋਂ ਵਧਦਾ ਹੈ ਤਾਂ ਦੋਸਤ, ਮਿੱਤਰ ਅਤੇ ਰਿਸ਼ਤੇਦਾਰਾਂ ਤਕ ਇਹ ਘੇਰਾ ਫੈਲਦਾ ਹੈ। ਜ਼ਿਆਦਾ ਤਰ ਲੋਕੀਂ ਤਾਂ ਇਸੀ ਘੇਰੇ ਵਿਚ ਘਿਰੇ ਰੈਹੰਦੇ ਹਨ। ਕੁਝ ਕੁ ਲੋਕੀਂ ਆਪਣੇ ਆਂਢ ਗੁਆਂਢ ਤਕ ਤੇ ਟਾਂਮੇ ਟਾਂਮੇ ਪੂਰੇ ਪਿੰਡ ਨੂੰ ਅਪਣੇ ਪਿਆਰ ਦੇ ਘੇਰੇ ਵਿਚ ਲੈ ਆਉਂਦੇ ਹਨ। ਕੁਝ ਹੋਰ ਲੋਕੀਂ ਇਸ ਘੇਰੇ ਨੂੰ ਅਪਣੇ ਧਰਮ ਜਾਂ ਮਜ਼ਹਬ ਤਕ ਵਧਾ ਲੈਂਦੇ ਹਨ ਪਰ ਉਨ੍ਹਾਂ ਨੂੰ ਦੂਸਰੇ ਧਰਮਾਂ ਵਾਲੇ ਗ਼ੈਰ ਨਜ਼ਰ ਆਉਂਦੇ ਹਨ। ਕਿਸੀ

ਕਿਸੀ ਦਾ ਦਾਇਰਾ ਅਪਣੇ ਸੂਬੇ ਜਾ State ਤਕ ਭੀ ਫੈਲ ਜਾਂਦਾ ਹੈ। ਕੋਈ ਵਿਰਲੇ ਸੱਜਨ ਹੁੰਦੇ ਹਨ ਜੋ ਅਪਣੇ ਪੂਰੇ ਦੇਸ਼ ਨੂੰ ਤਾਂ ਅਪਣੇ ਪਿਆਰ ਦੇ ਘੇਰੇ ਵਿਚ ਲੈ ਆਉਂਦੇ ਹਨ ਪਰ ਦੂਸਰੇ ਦੇਸ਼ਾਂ ਵਿਚੋਂ, ਕਈ ਇਕ ਨੂੰ ਦੁਸ਼ਮਨ ਭੀ ਮੰਨ ਬੈਠਦੇ ਹਨ। ਰੰਗ, ਨਸਲ, ਦੇਸ਼ ਅਤੇ ਧਰਮ ਦੀ ਭੇਦ ਭਾਵਨਾਂ ਤੋਂ ਉਪਰ ਉਠ ਕੇ, ਪੂਰੀ ਦੁਨੀਆਂ ਨੂੰ ਅਪਣੀ ਅਪਣਤ ਦੇ ਘੇਰੇ ਵਿਚ ਲੈ ਆਉਣ ਵਾਲੇ ਸਿਰਫ ਉਂਗਲੀਆਂ ਤੇ ਗਿਣੇ ਜਾ ਸਕਣ ਵਾਲੇ ਵਿਰਲੇ, ਮਹਾਂ ਪੁਰਸ਼ ਹੋਣਗੇ। ਇਨ੍ਹਾਂ ਵਿਰਲਿਆਂ ਦੀ ਨਜ਼ਰ ਵਿਚ, ਹਿੰਦੂ, ਮੁਸਲਮ, ਸਿੱਖ, ਈਸਾਈ ਜਾਂ ਯਰੋਪੀਅਨ, ਅਫਰੀਕਨ, ਅਮਰੀਕਨ, ਏਸ਼ੀਆਈ, ਸਭ ਇਕ ਸਮਾਨ ਹੁੰਦੇ ਹਨ। ਇਨ੍ਹਾਂ ਦੀ ਅਪਣਤ ਦਾ ਘੇਰਾ ਸਿਰਫ ਇਨਸਾਨ ਤਕ ਹੀ ਸੀਮਤ ਨਹੀਂ ਰੈਹੰਦਾ, ਸਗੋਂ ਹਰ ਪਰਾਣੀ ਮਾਤਰ, ਪਸ਼ੂ, ਪੰਛੀ ਅਤੇ ਜਲ ਜੰਤੂ ਆਦਿ ਭੀ ਇਨ੍ਹਾ ਨੂੰ ਅਪਣੇ ਪਿਆਰ ਦੇ ਪਾਤਰ ਨਜ਼ਰ ਆਉਂਦੇ ਹਨ। ਐਸੇ ਉਤਮ, ਸਚਿਆਰ ਅਤੇ ਆਦਰਸ਼ ਪੁਰਸ਼ ਨੂੰ ਕੋਈ ਭੀ ਜੀਵ ਗੈਰ ਜਾਂ ਬੇਗਾਨਾ ਨਜ਼ਰ ਨਹੀਂ ਆਉਂਦਾ

"ਨ ਕੋ ਬੈਰੀ ਨਹੀ ਬਿਗਾਨਾ ਸਗਲ ਸੰਗਿ ਹਮ ਕਉ ਬਨਿ ਆਈ॥" (੧੨੯੯)

ਇਸ ਲੇਖ ਦੀ ਰੌਸ਼ਨੀ ਵਿਚ ਆਦਰਸ਼ ਜਾਂ ਉਤਮ ਪੁਰਸ਼ ਦੇ ਜੀਵਨ ਦੀ ਝਲਕ ਕੁਝ ਇਸ ਪਰਕਾਰ ਹੈ।

1. ਅਕਾਲ ਪੁਰਖ ਜਾਂ ਪਰਮ ਆਤਮ ਜੋਤਿ ਵਿਚ ਸਮਾਈ ਪਰਾਪਤ ਕਰਨਾ ਜੀਵਨ ਦਾ ਲਕਸ਼ ਹੈ।
੨. ਜੀਵਨ ਲਕਸ਼ ਦੀ ਪਰਾਪਤੀ ਦਾ ਯਤਨ, ਗ੍ਰੈਹਸਤ ਵਿਚ ਰੈਹੰਦੇ ਹੋਏ ਹੀ ਕਰਨਾ।
3. ਧਰਮ ਦੀ ਕਿਰਤ ਕਰਨੀ, ਨਾਮ ਜਪਣਾ, ਵੰਡ ਛਕਣਾ, ਅਨਾਥਾਂ ਅਪਾਹਜ਼ਾਂ ਜਾਂ ਲੋੜਵੰਦਾਂ ਦੀ ਯਥਾ ਸ਼ਕਤਿ ਸਹਾਇਤਾ ਕਰਨਾ।
4. ਨਿਵ ਚਲਣਾਂ, ਮਿਠਾ ਬੋਲਣਾ, ਦੇਖਕੇ ਅਣਡਿਠ ਕਰਨਾ ਅਤੇ ਸਰਬਤ ਦੇ ਭਲੇ ਆਦਿ ਗੁਣਾਂ ਦਾ ਧਾਰਨੀ ਹੋਣਾ।
5. ਪਰ ਤਨ, ਪਰ ਧਨ, ਪਰ ਨਿੰਦਾ, ਜ਼ੋਰ ਅਤੇ ਜ਼ੁਲਮ ਆਦਿ, ਔਗੁਣਾ ਤੋਂ ਸੰਕੋਚ ਕਰਨਾ।
੬. ਰੰਗ, ਨਸਲ, ਦੇਸ਼ ਅਤੇ ਧਰਮ ਦੇ ਭੇਦ-ਭਾਵ ਤੋਂ ਉਪਰ ਉਠ ਕੇ "ਮਾਣਸ ਕੀ ਜਾਤਿ ਸਬੈ ਏਕੈ ਪਹਿਚਾਨਬੋ" ਨੂੰ ਜੀਵਨ ਆਧਾਰ ਬਣਾਉਣਾ।
7. ਅਪਣੱਤ ਜਾਂ ਪਿਆਰ ਦੇ ਘੇਰੇ ਨੂੰ ਇਤਨਾ ਵੱਡੇ ਤੋਂ ਵੱਡੇਰਾ ਕਰਨ ਕਿ ਸੰਸਾਰ ਦਾ ਕੋਈ ਭੀ ਪਾਣੀ ਮਾਤਰ ਇਸ ਘੇਰੇ ਤੋਂ ਬਾਹਰ ਨਾ ਰੈਹ ਜਾਏ। ਜੀਵਨ, "ਜਿਨ ਪ੍ਰੇਮ ਕਓ ਤਿਨ ਹੀ ਪ੍ਰਭ ਪਾਇਓ" ਦਾ ਰੂਪ ਹੀ ਬਣ ਜਾਏ।

---

## ਸਤਿਗੁਰ ਰਤੇ ਕੀ ਦੇਖਦੇ ਹਨ

ਗੁਰਸਿਖ ਰਾਤ ਰਹਿੰਦੀ ਜਾਗਦੇ ਹਨ। ਜਾਗਦੇ ਹੀ ਨਹੀਂ ਆਪਣੇ ਇਸ਼ਟ ਨੂੰ ਯਾਦ ਕਰਦੇ ਹਨ ਗੁਰਸਿਖ ਦਾ ਇਸ਼ਟ ਵਾਹਿਗੁਰੂ ਅਕਾਲ ਪੁਰਖ ਹੈ। ਵਾਹਿਗੁਰੂ ਦੀ ਜਾਣ ਪਛਾਣ ਮੂਲ-ਮੰਤਰ ਵਿਚੋਂ ਹੁੰਦੀ ਹੈ।

ਵਾਹਿਗੁਰੂ ਤੇ ਗੁਰੂ ਨਾਨਕ ਵਿਚ ਕੋਈ ਭੇਦ ਨਹੀਂ, ਕਿਸੇ ਨੂੰ ਯਾਦ ਕਰੋ, ਕੋਈ ਦ੍ਰਿਸ਼ਟੀ ਗੋਚਰ ਹੋਵੇਗਾ। ਹਾ, ਵਕਤ ਦੇਣਾ ਪਵੇਗਾ, ਲੇਲੋੜੀਆਂ ਕਢਣ ਦੀ ਜਾਚ ਸਿਖਣੀ ਪਵੇਗੀ। ਲੋਲੜੀਆਂ ਸਤ-ਸੰਗਤ ਸਿਖਾਂਦੀ ਹੈ। ਗੁਰੂ ਸਾਹਿਬ ਦੀ ਹਜੂਰੀ ਵਿਚ ਜੁੜੀ ਸੰਗਤ ਸੱਤ-ਸੰਗਤ ਹੈ।

ਸਿਖੀ ਵਿਚ ਦੇਹ-ਧਾਰੀ ਗੁਰੂ ਵਾਸਤੇ ਕੋਈ ਥਾਂ ਨਹੀਂ। ਗੁਰੂ ਗ੍ਰੰਥ ਸਾਹਿਬ, ਸ਼ਬਦ ਰੂਪ ਵਿਚ, ਦਸ ਸਤਿਗੁਰੂਆਂ ਦੀ ਆਪਣਾ ਆਤਮਕ ਅਵਾਜ਼ ਹੈ। ਗੁਰੂ ਗ੍ਰੰਥ ਸਾਹਿਬ ਪੜ੍ਹਨਾ ਗੁਰੂ ਨਾਲ ਗੱਲਾ ਕਰਨਾ ਹੈ। ਗੱਲਾਂ ਕਰਨੀਆਂ ਅਭਿਆਸ ਨਾਲ ਆਉਂਦੀਆਂ ਹਨ। ਛੂਹ-ਮੰਤ੍ਰ ਵਾਲੀ ਗਲ ਨਹੀਂ, ਮਿਹਨਤ ਕਰਨੀ ਪੈਂਦੀ ਹੈ। ਕਿਤਾ ਬਖ਼ਸ਼ਿਸ਼ ਹੈ ਮੇਰੇ ਦਾਤੇ ਦੀ ਕਿ ਆਪਣੀ ਸਾਰੀ ਆਤਮਕ ਅਵਸਥਾ ਵਿਸਥਾਰ ਨਾਲ ਗੁਰੂ ਗ੍ਰੰਥ ਸਾਹਿਬ ਵਿਚ ਦੇ ਦਿਤੀ ਹੈ।

ਵਾਹਿਗੁਰੂ ਨੂੰ ਹਾਜ਼ਰ ਨਾਜ਼ਰ ਜਾਣਨ ਵਾਸਤੇ ਉਸਦਾ ਨਾਮ ਦੁਹਰਾਣਾ ਜ਼ਰੂਰੀ ਹੈ। ਨਾਮੀ, ਨਾਮ ਰਾਹੀਂ ਮਿਲਦਾ ਹੈ। ਉਸ ਦੇ ਨਾਮ ਨਾਲ ਜੁੜਨ ਉਤੇ ਉਸ ਨਾਲ ਪ੍ਰੇਮ ਪੈਦਾ ਹੁੰਦਾ ਹੈ। ਪ੍ਰੇਮ, ਸੱਚਾ ਪ੍ਰੇਮ, ਲੇ ਲੜੀ, ਅਰਦਾਸ, ਪ੍ਰਾਰਥਨਾ ਮੇਲ ਲਈ ਬੜੀਆਂ ਸਹਾਇਕ ਵਸਤੂਆਂ ਹਨ।

# ਸਿੱਖੀ ਵਿਚ ਸਮਾਜਵਾਦ ਦਾ ਸੰਕਲਪ

(ਮਹਿੰਦਰ ਸਿੰਘ ਚਚਰਾੜੀ)

'ਸਮਾਜਵਾਦ' ਲਫਜ਼ ਦੀ ਸਭ ਤੋਂ ਪਹਿਲਾਂ ਵਰਤੋਂ ਸੰਨ 1833 ਵਿਚ "Poor Man's Guardian" ਰਸਾਲੇ 'ਚੋ ਹੋਈ ਮੰਨੀ ਜਾਂਦੀ ਹੈ। ਵੱਖ-ਵੱਖ ਰੂਪਾਂ ਵਾਲਾ "ਸਮਾਜਵਾਦ" ਸੰਸਾਰ ਦੇ ਆਰਥਿਕ ਤੇ ਸਮਾਜੀ-ਸਿਆਸੀ ਵਰਤਾਰੇ 'ਚ ਅਸਰਅੰਦਾਜ਼ ਰਿਹਾ ਹੈ। ਜਮਹੂਰੀ ਤੇ ਇਨਕਲਾਬੀ ਕਿਸਮਾਂ ਨਾਲ ਸਮਾਜਵਾਦ ਲਿਆਉਣ ਦੇ ਗਾਹੇ ਬਗਾਹੇ ਯਤਨ ਵੀ ਹੁੰਦੇ ਹਨ। ਕਮਿਊਨਿਸਟ ਖਿਆਲੀਆਂ ਨੇ ਹੁਣ ਤਕ "ਸਮਾਜਵਾਦ" ਲਿਆਉਣ ਦਾ ਠੇਕਾ ਆਪਣੇ ਸਿਰ ਲਿਆ ਹੋਇਆ ਹੈ। ਕਾਰਲ ਮਾਰਕਸ ਅਤੇ ਲੈਨਿਨ ਕਾਮਰੇਡਾਂ ਦੇ ਪ੍ਰਮੁਖ ਆਗੂ ਹੋਏ ਹਨ, ਜਿਹੜੇ ਕਿ ਅਧਿਆਤਮਕਤਾ ਤੋਂ ਸੱਖਣੇ "ਆਰਥਿਕ ਸਮਾਜਵਾਦ" ਦੇ ਹਾਮੀ ਬਣ ਕੇ ਰਹਿ ਗਏ,ਜਦਕਿ ਸਿੱਖੀ ਵਿਚਾਰਧਾਰਾ ਦੇ ਸਰਬਪੱਖੀ ਸਮਾਜਵਾਦ ਲਿਆਉਣ ਦੇ ਸੰਕਲਪ ਤੋਂ ਇਨ੍ਹਾਂ ਨੂੰ ਚਿੜ੍ਹ ਹੈ।

"ਸਮਾਜਵਾਦ" ਦੇ ਪਵਿੱਤਰ ਤੇ ਉਸਾਰੂ ਸੰਕਲਪ ਨੂੰ ਮਨਮਤੀਏ ਨਾਸਤਿਕਾਂ ਨੇ ਕੇਵਲ ਨਾਸਤਿਕੀ ਪਾਣ ਚੜ੍ਹਾਉਣ ਦੇ ਨਾਲ-ਨਾਲ ਹੋਰਨਾ ਵਿਚਾਰਨਧਾਰਾਵਾਂ ਨੂੰ "ਸਮੇਂ ਦੇ ਹਾਣ ਦੀਆਂ ਨਾ ਹੋਣ" ਦਾ ਬੇਤੁਕਾ ਠੱਪਾ ਲਾ ਕੇ ਸਮਾਜੀ ਹਾਸ਼ੀਏ ਤੋਂ ਪਿਛੇ ਧੱਕਣ ਦਾ ਯਤਨ ਵੀ ਕੀਤਾ। ਇਸ ਵਿਚ ਉਹ ਕਾਫੀ ਹੱਦ ਤਕ ਸਫਲ ਵੀ ਹੋਏ ਪਰ ਸੰਸਾਰ ਦੀ ਆਧੁਨਿਕ ਵਿਚਾਰਧਾਰਾ 'ਸਿੱਖੀ' (Sikhism) ਦੇ "ਸਮਾਜਵਾਦੀ ਸੰਕਲਪ' ਨੂੰ ਝੁਠਲਾਉਣ ਲਈ ਲੋੜੀਂਦਾ ਜੁਗਾੜ ਸੰਭਵ ਨਾ ਬਣਾ ਸਕੇ, ਚਾਹੇ ਉਨ੍ਹਾਂ ਗੁਰੂ ਨਾਨਕ ਸਾਹਿਬ ਨੂੰ ਕਾਰਲ ਮਾਰਕਸ ਦਾ ਚੇਲਾ ਬਿਆਨਣ ਦੀ ਹਮਾਕਤ ਵੀ ਕੀਤੀ।

ਸਿੱਖ ਧਰਮ ਦੇ ਪਹਿਲੇ ਆਗੂ ਗੁਰੂ ਨਾਨਕ ਸਾਹਿਬ "ਸਮਾਜਵਾਦ" ਦੇ ਪੱਕੇ ਹਾਮੀ ਸਨ। ਇਸੇ ਲਈ ਉਨ੍ਹਾਂ ਮੰਨੇ ਜਾਂਦੇ ਦਸ ਜਾਮਿਆਂ 'ਚ "ਸਮਾਜਵਾਦ" ਨੂੰ ਅਮਲੀ ਤੌਰ ਤੇ ਲਾਗੂ ਕਰਾਉਣ ਲਈ ਟਿੱਲ ਦਾ ਜ਼ੋਰ ਲਾਇਆ। ਦਸ ਜਾਮਿਆਂ 'ਚ ਗੁਰੂ ਸਾਹਿਬਾਨ ਨੇ ਨਾ ਸਿਰਫ ਆਰਥਿਕ ਦੇ ਤਿੰਨ ਨੁਕਾਤੀ ਖੇਤਰਾਂ 'ਚ ਵੀ ਸਮਾਜਵਾਦ ਨੂੰ ਲਾਗੂ ਕੀਤਾ ਸਗੋਂ ਰੂਹਾਨੀ, ਸਭਿਆਚਾਰਕ, ਵਿਦਿਅਕ, ਸਾਹਿਤਕ ਖੇਤਰਾਂ 'ਚ ਵੀ "ਸਮਾਜਵਾਦ" ਦੇ ਦੀਵੇ ਰੌਸ਼ਨ ਕੀਤੇ। 'ਕਿਰਤ ਕਰੋ, ਨਾਮ ਜਪੋ, ਵੰਡ ਛਕੋ' ਦੇ ਤਿੰਨ ਨੁਕਾਤੀ ਪ੍ਰੋਗਰਾਮ 'ਤੇ ਅਮਲ ਕਰਨ ਨਾਲ ਪੇਟ ਪੂਰਤੀ (ਆਰਥਿਕ ਰੱਜ) ਹੋਣ ਨਾਲ ਜੀਵਨ ਪੱਧਰ ਸੁਖਾਲਾ ਬਣ ਜਾਂਦਾ ਹੈ। ਕਈ ਵਾਰ 'ਸੌਖੀ ਕਿਰਤ" ਕਰਕੇ ਮਾਣ ਹਾਸਲ ਕਰਨ ਦੀ ਤਾਂਘ ਜਵਾਨ ਹੋਣ ਨਾਲ ਅਧਿਆਤਮਕਤਾ ਦੀ ਓਟ ਲਈ ਜਾਂਦੀ ਹੈ, ਜਿਸਨੂੰ ਗੁਰੂ ਸਾਹਿਬਾਨ ਨੇ ਨਕਾਰਿਆ ਹੈ :–

ਘਾਲਿ ਖਾਇ ਕਿਛੁ ਹਥਹੁ ਦੇਇ॥ ਨਾਨਕ ਰਾਹੁ ਪਛਾਣਹਿ ਸੇਇ ॥ (ਪੰਨਾ ੧੨੪੫)

ਤਾਂਹੀਓ 'ਸੇਵਾ' ਦਾ ਸੰਕਲਪ ਰੂਪਮਾਨ ਕੀਤਾ ਹੈ। "ਕਿਰਤ' ਤੇ 'ਸੇਵਾ' ਵੱਖੋ-ਵੱਖ ਪਹਿਲੂ ਹਨ।

ਸਿੱਖੀ ਵਿਚ ਕਮਿਊਨਿਸਟਾਂ ਦੀ ਸਰਮਾਏਦਾਰੀ ਪ੍ਰਬੰਧ ਉਲਟਾਉਣ ਵਾਲੀ ਲੱਠਮਾਰ ਸੋਚ ਅਪਨਾਉਣ ਨਾਲੋਂ "ਸਮਾਜਵਾਦ" ਲਿਆਉਣ ਲਈ ਮਨੋਵਿਗਿਆਨਕ -ਅਧਿਆਤਮਕ ਢੰਗ "ਇਕਵਾਦ" ਦਾ ਵਰਤਿਆ ਗਿਆ ਹੈ। ਇਕ ਅਕਾਲ ਪੁਰਖ ਦੀ ਹੋਂਦ ਮੰਨਣ ਅਤੇ ਸਾਰੇ ਮਨੁੱਖਾਂ 'ਚ ਵਸਦੇ ਹੋਣ ਦੀ ਬਿਰਤੀ ਬਨਾਉਣ ਦੀ ਅਮਲੀ ਲੋੜ ਤੇ ਜ਼ੋਰ ਦਿਤਾ ਗਿਆ ਹੈ। ਹਰ ਮਨੁੱਖ 'ਚ ਮਨੁੱਖਤਾ ਦੀ ਇਹ ਭਾਵਨਾ ਸੰਚਾਰਤ ਹੋਣ ਨਾਲ ਸੁਤੇ ਸਿਧ ਹੀ "ਵੰਡ ਕੇ ਛਕਣੇ "(ਆਰਥਿਕ ਸਮਾਜਵਾਦ) ਦੀ ਪ੍ਰਪਕਤਾ ਬਣ ਜਾਵੇਗੀ।

ਬੇਸ਼ੱਕ ਉਕਤ ਅਨੁਸਾਰ "ਆਰਥਿਕ ਸਮਾਜਵਾਦ" ਦਾ ਰਾਹ ਤਿਆਰ ਹੋ ਜਾਂਦਾ ਹੈ ਪਰ ਇਸਨੂੰ ਹੋਰ ਪ੍ਰਪੱਕਤਾ ਦੇਣ ਲਈ ਗੁਰੂ ਸਾਹਿਬਾਨ ਨੇ "ਲੰਗਰ" (ਪੰਗਤ) ਅਤੇ "ਸਾਂਝੀ ਭਗਤੀ (ਸੰਗਤ) ਦਾ ਸਿਧਾਂਤ ਵੀ ਦ੍ਰਿੜ੍ਹਾਇਆ ਹੈ। ਜਿਥੇ ਇਸਨੂੰ ਵਿਅਕਤੀਗਤ ਪੱਧਰ 'ਤੇ ਸਥਾਪਤ ਕੀਤਾ ਗਿਆ, ਉਥੇ ਰਾਜਕੀ ਪੱਧਰ 'ਤੇ ਬੰਦਾ ਸਿੰਘ ਬਹਾਦਰ ਅਤੇ ਮਹਾਰਾਜਾ ਰਣਜੀਤ ਸਿੰਘ ਵਲੋਂ ਲਾਗੂ ਕਰਨ ਦਾ ਹੀਆ ਵੀ ਕੀਤਾ ਗਿਆ। ਗੁਰੂ ਸਾਹਿਬਾਨ ਨੇ ਖੁਦ ਅਤੇ ਕਈ ਗੁਰਸਿੱਖਾਂ ਨੇ ਅਨੇਕਾਂ ਸਮਾਜਭਲਾਈ ਦੇ ਕਾਰਜ ਵਕਤੀ ਲੋੜਾਂ ਨੂੰ ਮੁਖ ਰਖਦਿਆਂ ਕੀਤੇ ਹਨ।

ਸਿੱਖੀ ਦੇ ਸਰਬਪੱਖੀ ਸਮਾਜਵਾਦ ਦੇ ਸੰਕਲਪ ਤਹਿਤ ਮਨੁੱਖ ਦੀ ਸਰੀਰਕ ਬਣਤਰ ਦੀ ਤੰਦਰੁਸਤੀ ਜ਼ਰੂਰੀ ਮਾਪੀ ਗਈ ਹੈ। ਸਰੀਰਕ ਤੰਦਰੁਸਤੀ ਲਈ ਨਸ਼ਿਆਂ ਤੋਂ ਦੂਰ ਰਹਿਣ, ਪਰਾਈ ਇਸਤਰੀ ਨਾਲ ਲਿਪਟਣ ਆਦਿ ਤੋਂ ਗੁਰੇਜ਼ ਕਰਨ ਦੀ ਤਾਕੀਦ ਕੀਤੀ ਗਈ ਹੈ। ਇਸ ਨਾਲ ਸਿਹਤ ਦੇ ਨਸ਼ਿਆਂ ਤੋਂ ਹੁੰਦੇ ਨੁਕਸਾਨ ਅਤੇ "ਏਡਜ਼" ਵਰਗੀ ਨਾਮੁਰਾਦ ਬਿਮਾਰੀ ਤੋਂ ਬਚਾ ਕੇ ਗੁਰੂ ਸਾਹਿਬ ਨੇ "ਸਰੀਰਕ ਸਮਾਜਵਾਦ" ਦਾ ਅਮਲੀ


www.AKJ.Org

ਤੌਰ ਤੇ ਦਮ ਭਰਿਆ ਹੈ। ਸਿਹਤ ਪੱਖੋਂ ਸਹੀ ਵਿਅਕਤੀ ਹਰ ਤਰ੍ਹਾਂ ਦੇ ਕਾਰਜ ਨਿੱਗਰਤਾ ਨਾਲ ਸਰੰਜਾਮ ਦੇ ਸਕਦਾ ਹੈ। ਕਹਿੰਦੇ ਨੇ "ਤੰਦਰੁਸਤ ਸਰੀਰ 'ਚ ਹੀ ਤਕੜਾ ਮਨ ਨਿਵਾਸ ਕਰਦਾ ਹੈ। 'ਇਸ ਅਖਾਣ ਦੀ ਯਥਾਰਥਕਤਾ ਨੂੰ ਅਮਲੀਜਾਮਾ ਪੁਆਉਣ ਲਈ ਸਿਹਤ ਨੂੰ ਤਰਜੀਹੀ ਅਧਾਰ ਬਖ਼ਸ਼ਿਸ਼ ਕੀਤਾ ਗਿਆ ਹੈ। ਗੁਰਬਾਣੀ ਦਾ ਇਸ ਸਬੰਧੀ ਫੁਰਮਾਨ ਹੈ –

ਘਟਿ ਵਸਹਿ ਚਰਣਾਰਬਿੰਦ ਰਸਨਾ ਜਪਹਿ ਗੋਪਾਲੁ॥
ਨਾਨਕ ਸੋ ਪ੍ਰਭੂ ਸਿਮਰੀਐ ਤਿਸੁ ਦੇਹੀ ਕਉ ਪਾਲਿ ॥ (੫੫੪)

ਮਨ ਨੀਵਾ ਮੱਤ ਉਚੀ ਦਾ ਕਿਰਦਾਰੀ ਸਮਾਜਵਾਦ ਸਿੱਖੀ ਦਾ ਇਕ ਹੋਰ ਵਿਲੱਖਣ ਗੁਣ ਹੈ।

ਸਰਬਸਾਂਝੇ ਗੁਰਦੁਆਰੇ ਉਸਰਨ ਨਾਲ, ਵਿਆਹਾਂ ਨੂੰ ਪ੍ਰੇਮ ਦੀ ਡੋਰੀ ਨਾਲ ਬੰਨ੍ਹਣ ਨਾਲ ਅਤੇ ਸਾਂਝਾ ਖਾਣ-ਪੀਣ, ਵਰਤਣ-ਵਿਹਾਰ ਪੈਦਾ ਹੋਣ ਨਾਲ ਜ਼ਾਤ-ਪਾਤ ਦੇ ਖਾਤਮੇ ਦਾ ਘੇਰਾ ਤਿਆਰ ਹੋ ਜਾਂਦਾ ਹੈ। ਵਿਆਹ ਲਈ ਜ਼ਰੂਰੀ ਮਾਪੇ ਜਾਂਦੇ ਪ੍ਰੇਮ ਦੇ ਸੰਬੰਧ 'ਚ ਬੱਝਿਆ ਗੁਰਸਿੱਖ ਜਾਤਪਾਤ ਨੂੰ ਛੁਟਿਆਉਣ ਲਈ ਵਿਸ਼ੇਸ਼ ਉਦਮ ਦਾ ਭਾਗੀ ਨਹੀਂ ਬਣਦਾ, ਸਗੋਂ ਸਹਿਜੇ ਹੀ ਹਾਣ ਦਾ ਸੰਗੀ ਲੱਭ, ਬਰਾਬਰਤਾ ਦੀ ਟੇਕ ਗੁਰਸਿੱਖੀ ਜੀਵਨ 'ਤੇ ਰੱਖ ਕੇ, ਸੰਸਾਰਕ ਭਵਸਾਗਰ ਤੋਂ ਸੁਰਖ਼ਰੂ ਹੋਣ ਲਈ ਕਮਰਕੱਸੇ ਕਰ ਲੈਂਦਾ ਹੈ। ਸਾਂਝੇ ਰਿਸ਼ਤੇ, ਜੋ ਕਿ ਪ੍ਰੇਮ ਅਧਾਰਤ ਹੋਣ, ਉਸਰਨ ਨਾਲ 'ਸਭਿਆਚਾਰਕ ਸਮਾਜਵਾਦ' ਆਪਣੇ-ਆਪ ਹੀ ਆ ਜਾਂਦਾ ਹੈ।

ਸਿੱਖੀ ਦਾ ਇਕ ਹੋਰ ਵਿਸ਼ੇਸ਼ "ਸਮਾਜਵਾਦੀ ਗੁਣ" ਹੈ ਕਿ ਇਸਤਰੀਆਂ ਨੂੰ ਸੰਪੂਰਨ ਬਰਾਬਰਤਾ ਮੁਹਈਆ ਕੀਤੀ ਗਈ ਹੈ। "ਕੁੜੀਮਾਰ ਨਾਲ ਨਾ ਵਰਤਣ" ਦੇ ਤਨਖਾਹਨਾਮਿਆ ਦੀ ਭਾਵਨਾ ਅੱਜ ਦੇ ਗਰਭ ਨਿਰਧਾਰਕ ਟੈਸਟਾਂ ਨੂੰ ਨਕਾਰਦੀ ਹੈ। ਸਾਰੇ ਹੀ ਗੁਰੂ ਸਾਹਿਬਾਨ ਨੇ ਇਸਤਰੀ ਨੂੰ ਭਗਤੀ ਤੇ ਸਮਾਜ ਦੇ ਹਰ ਖੇਤਰ ਵਿਚ ਸੰਪੂਰਨ ਬਰਾਬਰਤਾ ਦੇਣ ਲਈ ਟਿੱਲ ਦਾ ਜ਼ੋਰ ਲਾਇਆ। ਇਸਤਰੀ ਨੂੰ ਕੇਵਲ ਵਿਲਾਸਤਾ ਦੀ ਗੁੱਡੀ ਅਤੇ ਅਧਿਆਤਮਕਤਾ ਦੀ ਆੜ 'ਚ ਇਸਨੂੰ ਨਕਾਰਨ ਵਾਲਿਆ ਨੂੰ ਵੰਗਾਰ ਪਾਈ। ਇਸਤਰੀ ਵਿਰੋਧੀ ਸਤੀ ਦੀ ਰਸਮ, ਦਾਜ ਦੇ ਭਾਰ, ਬੇਲੋੜੇ ਹਾਰ-ਸ਼ਿੰਗਾਰੇ ਅਤੇ ਧਰਮ ਧਾਰਨ ਪ੍ਰਤੀ ਹੀਣਤਾ ਤੋਂ ਮੁਕਤ ਕਰਾਇਆ। ਇਸਤਰੀ, ਜੋ ਸਮਾਜਕ ਬੁਣਤੀ ਬੁਨਣ ਲਈ ਜ਼ਰੂਰੀ ਹੈ, ਨੂੰ ਬਰਾਬਰਤਾ ਦਾ ਅਹਿਸਾਸ ਕਰਾ ਕੇ 'ਸਭਿਆਚਾਰਕ ਸਮਾਜਵਾਦ' ਦੇ ਥੰਮ੍ਹ ਮਜ਼ਬੂਤ ਬਣਾ ਦਿਤੇ।

ਅਰਸ਼ਾਂ ਤੋਂ ਫਰਸ਼ੀ ਮਨੁੱਖਾਂ ਨੂੰ ਨਰੋਈ ਸੇਧ ਦੇਣ ਲਈ ਉਤਰੀ 'ਧੁਰ ਕੀ ਬਾਣੀ', ਜੋਕਿ ਜੁਗੋ ਜੁਗ ਅਟੱਲ ਗੁਰੂ ਗ੍ਰੰਥ ਸਾਹਿਬ ਜੀ ਵਿਚ ਦਰਜ ਹੈ, ਵਿਚ ਦਰਜ ਭਾਰਤ ਦੇ ਸਮਕਾਲੀ ਵਿਚਾਰਧਾਰਾ ਵਾਲੇ ਵਕਤੀ ਭਗਤਾ (ਆਗੂਆਂ) ਦੇ ਸਾਹਿਤਕ ਵਿਚਾਰ, ਸਮਾਜਵਾਦ ਨੂੰ ਸਾਹਿਤਕ ਪੱਖੋਂ ਵੀ ਪੂਰਨਤਾ ਬਖ਼ਸ਼ਦੇ ਹਨ। ਇਸੇ ਤਰ੍ਹਾਂ ਵਿਦਿਆ ਦੇ ਖੇਤਰ ਵਿਚ ਦੁਨਿਆਵੀ ਵਿਦਿਆ ਦੇ ਨਾਲ-ਨਾਲ ਅਧਿਆਤਮਕ ਵਿਦਿਆ ਹਾਸਲ ਕਰਨ ਦੀ ਜ਼ੋਰਦਾਰ ਪ੍ਰੇਰਣਾ ਸਰਬਸਾਂਝੀ ਹੋਣ ਨਾਲ "ਵਿਦਿਅਕ ਸਮਾਜਵਾਦ" ਦਾ ਰਾਹ ਤਿਆਰ ਹੁੰਦਾ ਹੈ।

"ਸਮਾਜਵਾਦ" ਦੇ ਹਾਮੀ ਸੰਸਾਰ ਪ੍ਰਸਿਧ ਆਗੂ, ਚਿੰਤਕ ਤੇ ਵਿਦਵਾਨ ਇਹ ਵੀ ਪ੍ਰਚਾਰਦੇ ਹਨ ਕਿ ਸਮਾਜਵਾਦ ਦੀ ਮਜ਼ਬੂਤੀ ਲਈ "ਜਮਹੂਰੀਅਤ" ਦਾ ਬੋਲਬਾਲਾ ਹੋਣਾ ਚਾਹੀਦਾ ਹੈ। ਸਿੱਖੀ ਵਿਚ "ਜਮਹੂਰੀਅਤ" ਦਾ ਵੀ ਠੋਸ ਪ੍ਰਬੰਧ ਕੀਤਾ ਗਿਆ ਹੈ। 'ਪੰਜ ਪਿਆਰਿਆਂ ਦੀ ਉਚਤਾ ਸਥਾਪਤ ਕਰ ਪੰਥ ਨੂੰ ਖੁੱਲ੍ਹੀ ਛੁਟੀ ਦੇਣੀ' ਅਤੇ "ਸੰਗਤ ਦੀ ਭਾਵਨਾ ਦਾ ਵਿਸ਼ੇਸ਼ ਸਤਿਕਾਰ ਕਰਨ ਦੀ ਤਾਕੀਦ, "ਜਮਹੂਰੀਅਤ" ਦੇ ਅੱਖਰੀ ਅਰਥ ਦਾ ਵਿਸ਼ੇਸ਼ ਸਤਿਕਾਰ ਹੀ ਤਾਂ ਹੈ।

ਸਿੱਖੀ ਦੇ ਸਰਬਪੱਖੀ ਸਮਾਜਵਾਦ ਮੂਹਰੇ ਕਮਿਊਨਿਸਟ ਖਿਆਲੀਆ ਦਾ ਸੀਮਤ 'ਆਰਥਿਕ ਸਮਾਜਵਾਦ' ਕਾਫੀ ਛੋਟੇ ਕੱਦ ਦਾ ਹੈ। ਸਿੱਖੀ ਦੀ ਸਰਬੱਤਵਾਦੀ ਭਾਵਨਾ ਵਾਲੇ ਜਮਹੂਰੀਅਤ ਅਧਾਰਤ ਸਮਾਜਵਾਦ ਦੇ ਕਲਾਵੇ 'ਚ ਤਾਂ ਸਮੁੱਚੇ ਸੰਸਾਰ ਦੇ "ਸਮਾਜਵਾਦ" ਦੇ ਵੱਖ ਵੱਖ ਅਰਥ ਅਤੇ ਰੂਪ ਸਹਿਜੇ ਹੀ ਸ਼ਾਮਲ ਹਨ। ਸੰਸਾਰ ਦੇ ਹਰ ਪ੍ਰਾਣੀ ਨੂੰ ਹਰ ਖੇਤਰ ਵਿਚ ਸਰਬਪੱਖੀ ਬਰਾਬਰਤਾ ਅਤੇ ਪ੍ਰਫੁਲਤਾ ਦਾ ਅਮਲੀ ਅਹਿਸਾਸ ਕਰਾਉਣ ਵਾਲਾ "ਸਮਾਜਵਾਦ" ਕੇਵਲ ਸਿੱਖੀ 'ਚ ਇਮਾਨਦਾਰੀ ਨਾਲ ਲਾਗੂ ਕੀਤਾ ਗਿਆ ਹੈ। ਲੋੜ ਹੈ "ਸਮਾਜਵਾਦ" ਦੇ ਵੱਖ-ਵੱਖ ਮੌਕਾਪ੍ਰਸਤ ਅਰਥ ਕਰਨ ਵਾਲੇ ਸੰਸਾਰ ਦੇ ਚਿੰਤਕਾਂ, ਆਗੂਆ ਅਤੇ ਵਿਦਵਾਨਾਂ ਨੂੰ ਇਸਨੂੰ ਮਹਿਸੂਸ ਕੇ ਲਾਗੂ ਕਰਨ ਦੀ।

# ਗੁਰੂ ਸਾਹਿਬ ਦੇ ਵਿਆਹ ਇਕ ਜਾਂ ਵੱਧ

(ਪ੍ਰੋਫੈਸਰ ਉਦੈ ਸਿੰਘ ਜੀ ਕੈਨੇਡਾ)

*(ਬਹੁਤ ਸਾਰੇ ਵਿਚਾਰਵਾਨਾਂ ਤੇ ਲਿਖਾਰੀਆਂ ਦਾ ਇਹ ਮਤ ਹੈ ਕਿ ਗੁਰੂ ਹਰਿਗੋਬਿੰਦ ਸਾਹਿਬ ਜੀ ਅਤੇ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਤਿੰਨ-ਤਿੰਨ ਵਿਆਹ ਸਨ। ਅਜਿਹਾ ਕਰਨ ਵੇਲੇ ਉਹ ਸੂਰਜ ਪ੍ਰਕਾਸ਼ ਅਤੇ ਅਜਿਹੇ ਹੀ ਹੋਰ ਇਤਿਹਾਸ ਦੀਆਂ ਪੋਥੀਆਂ ਦਾ ਸਹਾਰਾ ਲੈਂਦੇ ਹਨ। ਇਸੇ ਤਰਾਂ ਦੇ ਵਿਚਾਰ ਹੀ ਅਲਾਹਾਬਾਦ ਦੇ ਇਕ ਐਡਵੋਕੇਟ ਸਰਦਾਰ ਗੁਰਪ੍ਰਤਾਪ ਸਿੰਘ ਵੱਲੋਂ ਸੰਗ੍ਰਹਿ ਕੀਤਾ ਤੇ ਇੰਗਲੈਂਡ ਦੀ ਸਿੱਖ ਕਲਚਰਲ ਸੋਸਾਇਟੀ ਵੱਲੋ ਛਾਪੇ "Chronological of sikh Gurus" ਵਿਚ ਛਾਪੇ ਗਏ ਹਨ। ਕੈਨੇਡਾ ਦੇ ਇਕ ਗੁਰਸਿੱਖ Prof. ਉਦੈ ਸਿੰਘ ਨੇ ਇਸ ਵਿਸ਼ੇ ਵਿਚ ਸਰਦਾਰ ਗੁਰਪ੍ਰਤਾਪ ਸਿੰਘ ਜੀ ਨੂੰ 14-9-80 ਇਕ ਚਿੱਠੀ ਲਿਖੀ ਸੀ ਜਿਸ ਵਿਚ ਉਨ੍ਹਾਂ ਨੇ ਗੁਰਬਾਣੀ ਦੇ ਪ੍ਰਮਾਣਾਂ ਦਾ ਸਹਾਰਾ ਲੈ ਕੇ ਇਤਿਹਾਸ ਦੀਆਂ ਇਹਨਾਂ ਲਿਖਤਾ ਦਾ ਖੰਡਨ ਕੀਤਾ ਹੈ। ਤੇ ਸ੍ਪੱਸ਼ਟ ਕੀਤਾ ਹੈ ਕਿ ਗੁਰੂ ਸਾਹਿਬ ਦੇ ਇਕ-ਇਕ ਵਿਆਹ ਹੀ ਸਨ। ਵੱਧ ਨਹੀਂ। ਅਸੀਂ ਪ੍ਰੋ: ਉਦੈ ਸਿੰਘ ਜੀ ਵੱਲੋਂ ਸਰਦਾਰ ਗੁਰਪ੍ਰਤਾਪ ਸਿੰਘ ਜੀ ਨੂੰ ਲਿਖੀ ਚਿੱਠੀ ਪਾਠਕਾਂ ਦੇ ਗਿਆਨਹਿਤ ਹੇਠਾਂ ਛਾਪਣ ਦੀ ਖੁਸ਼ੀ ਲੈ ਰਹੀ ਹੈ। ਸੰਪਾਦਕ )*

ਪਿਆਰੇ ਸਰਦਾਰ ਗੁਰਪਰਤਾਪ ਸਿੰਘ ਜੀ,

ਗੁਰੂ ਫਤਿਹ।

ਆਪ ਜੀ ਦਾ ਸੰਗ੍ਰਹਿ ਕੀਤਾ ਤੇ ਇੰਗਲੈਂਡ ਦੀ ਸਿੱਖ ਕਲਚਰਲ ਸੋਸਾਇਟੀ ਦਾ ਛਾਪਿਆ Chronological Table of sikh Gurus ਮੇਰੇ ਸਾਹਮਣੇ ਪਿਆ ਹੈ। ਏਸੇ ਤਰਾ ਦਾ ਖਾਲਸਾ ਸਮਾਚਾਰ ਅੰਮ੍ਰਿਤਸਰ ਦਾ ਬਣਿਆ, ਜੀਵਨ ਬਿਉਰਾ ਗੁਰੂ ਸਾਹਿਬਾਨ, ਵੀ ਮੇਰੇ ਪਾਸ ਹੈ। ਇਹ ਬਿਉਰਾ ਤੇ ਤੁਹਾਡਾ ਟੇਬਲ ਦੋਵੇਂ, ਛੇਵੇਂ ਤੇ ਦਸਵੇਂ ਪਾਸ਼ਾਹ ਦੇ ਤਿੰਨ ਤਿੰਨ ਵਿਆਹ ਦਸਦੇ ਹਨ। ਸਤਵੇਂ ਪਾਤਸ਼ਾਹ ਦਾ ਤੁਸੀਂ ਇੱਕ ਹੀ ਵਿਆਹ ਦਸਦੇ ਹੋ ਤੇ ਬਿਉਰਾ ਦੋ ਦਸਦਾ ਹੈ।

ਪ੍ਰੋਫੈਸਰ ਕਰਤਾਰ ਸਿੰਘ ਦੀ, ਸ਼੍ਰੋਮਣੀ ਕਮੇਟੀ ਵਲੋਂ ਜੂਨ ੧੯੬੦ ਵਿੱਚ, ਛਪੀ ਪੁਸਤਕ 'ਸਿੱਖ ਇਤਿਹਾਸ ਦੇ ਪਹਿਲੇ ਭਾਗ ਦੇ ੬੭੯ ਸਫੇ ਤੇ ਲਿਖਿਆ ਹੈ :'ਸ੍ਰੀ ਗੁਰੂ ਹਰਿਰਾਇ ਦੇ ਜੀਵਨ ਸਬੰਧੀ ਇਕ ਗਲਤ ਗੱਲ ਪ੍ਰਚੱਲਤ ਕੀਤੀ ਗਈ ਹੈ। ਉਹ ਇਹ ਕਿ ਆਪ ਨੇ ਸ੍ਰੀ ਦਇਆ ਰਾਮ ਦੀਆਂ 7 ਧੀਆਂ ਨਾਲ ਵਿਆਹ ਕਰਵਾਇਆ। ਇਹ ਗੱਲ ਕਿਸੇ ਨੇ ਸੂਰਜ ਪ੍ਰਕਾਸ਼ ਦੇ ਇਕ ਖਰੜੇ ਵਿੱਚ ਵੀ ਘੜੋਸ ਛਡੀ ਹੈ। ..

ਇਸ ਤਰਾਂ ਸਤਵੇਂ ਪਾਤਸ਼ਾਹ ਦੇ ਵਿਆਹਾਂ ਦੀ ਗਿਣਤੀ ਤੁਹਾਡੇ ਟੇਬਲ ਵਿੱਚ ਇਕ, ਬਿਓਰਾ ਵਿੱਚ ਦੋ ਤੇ ਸੂਰਜ ਪਰਕਾਸ਼ ਵਿੱਚ ਸੱਤ ਹੈ। ਮੰਨੀਏਂ ਕਿਹੜੀ?

ਪ੍ਰੋਫੈਸਰ ਕਰਤਾਰ ਸਿੰਘ ਦੀ ਉਸੇ ਉਪਰ ਵਾਲੀ ਪੁਸਤਕ 'ਸਿੱਖ ਇਤਿਹਾਸ' ਦੇ ਪੰਨਾ ੬44-45 ਤੇ ਲਿਖਿਆ ਹੈ ਕਿ ਛੇਵੇਂ ਪਾਤਸ਼ਾਹ ਦੀ ਗੁਜਰਾਤ ਫੇਰੀ ਸਮੇਂ ਜਦੋਂ ਮੁਸਲਮਾਨ ਫਕੀਰ, ਸ਼ਾਹ ਦੌਲਾ, ਨੇ ਗੁਰੂ ਸਾਹਿਬ ਉਪਰ ਇਹ ਚਾਰ ਸਵਾਲ ਕੀਤੇ :ਔਰਤ ਕੀ ਤੇ ਪੀਰੀ ਕੀ, ਹਿੰਦੂ ਕੀ ਤੇ ਫਕੀਰੀ ਕੀ, ਪੁੱਤਰ ਕੀ ਤੇ ਵੈਰਾਗ ਕੀ ਤੇ ਦੌਲਤ ਕੀ ਤੇ ਤਿਆਗ ਕੀ, ਤਾਂ ਗੁਰੂ ਸਾਹਿਬ ਨੇ ਉਤਰ ਦਿੰਦੇ : ਔਰਤ ਇਮਾਨ, ਪੁੱਤਰ ਨਿਸ਼ਾਨ, ਦੌਲਤ ਗੁਜਰਾਨ, ਤੇ ਫਕੀਰ ਨਾ ਹਿੰਦੂ ਨਾ ਮੁਸਲਮਾਨ।

ਸੋ ਗੁਰੂ ਸਾਹਿਬ 'ਔਰਤ ਇਮਾਨ' ਕਹਿੰਦੇ ਹਨ। ਇਮਾਨ (ਭਾਵ ਧਰਮ) ਤਾਂ ਹਰ ਕਿਸੇ ਦਾ ਇੱਕੋ ਹੁੰਦਾ ਹੈ। ਮਤਲਬ ਇਹ ਕਿ ਗੁਰੂ ਸਾਹਿਬ ਇੱਕੋ ਔਰਤ ਦਸਦੇ ਹਨ। ਤੇ ਤੁਸੀਂ ਉਸੇ (ਭਾਵੇ ਛੇਵੇਂ) ਗੁਰੂ ਸਾਹਿਬ ਦੇ ਤਿੰਨੇ ਵਿਆਹ ਦਸਦੇ ਹੋ।

ਪ੍ਰੋਫੈਸਰ ਕਰਤਾਰ ਸਿੰਘ ਦੀ ਪੁਸਤਕ ਦੇ 367 ਸਫੇ ਤੇ ਫੇਰ ਲਿਖਿਆ ਹੈ : 'ਕਈ ਵਿਦਵਾਨ ਇਤਿਹਾਸਕਾਰਾਂ ਦੀ ਰਾਏ ਹੈ ਕਿ ਮਾਤਾ ਜੀਤੋ ਜੀ ਦਾ ਹੀ ਦੂਜਾ ਨਾਂ ਮਾਤਾ ਸੁੰਦਰੀ ਜੀ ਸੀ ਅਤੇ ਚਾਰੇ ਸਾਹਿਬਜ਼ਾਦੇ ਇੱਕੋ ਮਾਤਾ ਜੀ ਦਾ ਕੁੱਖੋਂ ਹੋਏ ਸਨ। ਇਸ ਪੋਥੀ ਦੇ ਲੇਖਿਕ ਦੀ ਵੀ ਇਹੋ ਰਾਏ ਹੈ। ਗੁਰੂ ਸਾਹਿਬ ਦਾ, ਮਾਤਾ ਸਾਹਿਬ ਕੌਰ ਨਾਲ, ਵਿਆਹ ਆਮ ਸੰਸਾਰਕ ਵਿਆਹਾਂ ਵਰਗਾ ਨਹੀਂ ਸੀ। ਮਾਤਾ ਜੀ ਨਾਲ ਆਪ ਦਾ ਆਤਮਿਕ

ਮੇਲ ਹੀ ਸੀ। ਇਸ ਕਰਕੇ ਸੰਸਾਰਕ ਅਰਥਾਂ ਵਿੱਚ ਸ੍ਰੀ ਦਸਮੇਸ਼ ਜੀ ਦਾ ਇੱਕੋ ਵਿਆਹ ਮਾਤਾ ਜੀਤੋ ਜੀ (ਮਾਤਾ ਸੁੰਦਰੀ ਜੀ) ਨਾਲ ਹੀ ਹੋਇਆ ਸਮਝਣਾ ਚਾਹੀਦਾ ਹੈ।'

ਆਪ ਜੀ ਦਾ ਟੇਬਲ ਦਸਵੇਂ ਪਾਤਸ਼ਾਹ ਦੇ ਫੇਰ ਤਿੰਨ ਹੀ ਵਿਆਹ ਦਸਦਾ ਹੈ। ਬਿਉਰਾ ਭੀ ਤਿੰਨ ਹੀ ਦਸਦਾ ਹੈ।

ਏਸੇ ਤਰਾਂ ਹੋਰ ਇਤਿਹਾਸਕਾਰ ਵੀ ਹਨ ਛੇਵੇਂ, ਸਤਵੇਂ ਤੇ ਦਸਵੇਂ ਪਾਤਸ਼ਾਹਾਂ ਦੇ ਵਿਆਹਾਂ ਦੀ ਗਿਣਤੀ ਬਾਰੇ ਆਪੋ ਆਪਣੀਆਂ ਰਾਵਾਂ ਰੱਖਦੇ ਹਨ। ਪਰ ਇਹ ਇਤਿਹਾਸਕਾਰ ਹੈਨ ਕੌਣ? ਜਾਂ ਹਿੰਦੂ, ਜਾਂ ਮੁਸਲਮਾਨ ਜਾਂ ਅੰਗਰੇਜ਼, ਜਿਨ੍ਹਾਂ ਤਿੰਨਾਂ ਦੀ ਸਿੱਖਾ ਨਾਲ ਕਦੀ ਬਣੀ ਹੀ ਨਹੀਂ। ਇਸ ਕਰਕੇ ਅਜਿਹੇ ਇਤਿਹਾਸਕਾਰਾਂ ਦੀ ਰਾਏ ਮੰਨਣ ਤੋਂ ਪਹਿਲਾਂ ਆਉ ਦੇਖੀਏ, ਵਿਆਹਾਂ ਦੀ ਗਿਣਤੀ ਬਾਰੇ ਗੁਰਬਾਣੀ ਕੀ ਕਹਿੰਦੀ ਹੈ।

ਇਸ ਸਬੰਧ ਵਿੱਚ ਮੈਂ ਕੁੱਝ ਪਰਮਾਣ ਇਕੱਤਰ ਕੀਤੇ ਹਨ। ਇਨ੍ਹਾਂ ਪਰਮਾਣਾਂ ਦੇ ਅਰਥ ਕਰਨ ਵਾਸਤੇ ਗੁਰਬਾਣੀ-ਵਿਆਕਰਣ ਦੇ ਪਰਿਸੱਧ ਦੋ ਅਸੂਲਾਂ ਦੀ ਲੋੜ ਪਵੇਗੀ। ਇੱਕ ਇਹ ਕਿ ਕਿਸੇ ਨਾਂਵ ਦੇ ਅੰਤਲੇ ਅੱਖਰ ਨੂੰ ਔਂਕੜ ਹੋਵੇ ਤਾਂ ਉਹ ਇਕ ਬਚਨ ਹੈ ਤੇ ਜੇ ਉਸੇ ਨਾਂਵ ਦਾ ਅੰਤਲਾ ਅੱਖਰ ਮੁਕਤਾ ਹੋਵੇ ਤਾਂ ਉਹ ਬਹੁ-ਬਚਨ ਬਣ ਜਾਂਦਾ ਹੈ। ਤੇ ਦੂਜਾ ਇਹ ਕਿ ਜੇ ਨਾਂਵ ਜਾਂ ਕਿਰਿਆ ਦੇ ਅੰਤਲੇ ਅੱਖਰ ਨੂੰ ਸਿਹਾਰੀ ਹੋਵੇ ਤਾਂ ਇਸ ਸਿਹਾਰੀ ਦਾ ਅਰਥ ਹੈ: ਨੂੰ, ਨਾਲ, ਦਾ, ਵਿੱਚ, ਦਵਾਰਾ, ਆਦਿ। ਹੁਣ ਲਓ ਪ੍ਰਮਾਣ :

1. ਏਕਾ ਨਾਰੀ ਜਤੀ ਹੋਇ ਪਰਨਾਰੀ ਧੀ ਭੈਣ ਵਖਾਣੈ। (ਭਾਈ ਗੁਰਦਾਸ, ਵਾਰ ੬ ਪੋੜੀ ੮) ਭਾਵ ਇਹ ਹੈ ਕਿ ਗੁਰਮਤਿ ਵਿੱਚ ਇੱਕੋ ਨਾਰੀ ਦੀ ਆਗਿਆ ਹੈ।

2. ਨਿਜ ਨਾਰੀ ਦੇ ਸੰਗ ਨੇਹੁ ਤੁਮ ਨਿਤ ਬਢਈਉ॥
ਪਰ ਨਾਰੀ ਕੀ ਸੇਜ ਭੂਲਿ ਸੁਪਨੇ ਹੂੰ ਨ ਜੇਈਅਹੁ॥(ਪਾ :੧੦)

ਸੋ ਨਿਜ ਨਾਰੀ ਇੱਕੋ ਹੈ ਕਿਉਂਕਿ 'ਨਾਰੀ' ਇੱਕ ਬਚਨ ਹੈ।

3. ਘਰ ਕੀ ਗੀਹਨਿ ਚੰਗੀ॥ ਜਨ ਧੰਨਾਲੇਵੈ ਮੰਗੀ॥
'ਚੰਗੀ' ਇੱਕ-ਬਚਨ ਹੈ। ਧੰਨੇ ਨੇ ਇੱਕੋ ਗੀਹਨਿ (ਭਾਵ ਇਸਤ੍ਰੀ) ਮੰਗੀ ਹੈ।

4. ਧਨ ਪਿਰੁ ਇਹਿ ਨਾ ਆਖੀਅਨਿ ਬਹਿਨ ਇਕੱਠੇ ਹੋਇ॥
ਏਕ ਜੋਤਿ ਦੁਇ ਮੂਰਤੀ-ਧਨ ਪਿਰ ਕਹੀਐ ਸੋਇ॥ (੭੮੮)

ਏਥੇ 'ਧਨ' ਬਹੁ ਬਚਨ ਨਹੀਂ, ਕਿਉਂਕਿ ਸੰਜੋਗੀ ਅੱਖਰਾਂ ਚੋਂ ਪਹਿਲੇ ਦਾ ਔਂਕੜ ਉਡ ਜਾਇਆ ਕਰਦਾ ਹੈ। ਸੋ 'ਧਨਪਿਰੁ' ਤੋਂ ਭਾਵ ਹੈ ਕਿ ਇਕ ਧਨ ਤੇ ਇੱਕ ਪਿਰੁ। ਗਿਣਤੀ ਭੀ ਦੱਸੀ ਹੋਈ ਹੈ, ਦੋ। ਜੇ ਦੋ ਇਸਤਰੀਆਂ ਹੁੰਦੀਆਂ ਤਾਂ 'ਏਕ ਜੋਤਿ ਤਿੰਨ ਮੂਰਤੀ' ਆਉਣਾ ਸੀ

5. ਭੰਡਿ ਜੰਮੀਐਂ ਭੰਡਿ ਨਿੰਮੀਐ ਭੰਡਿ ਮੰਗਣੁ ਵੀਆਹੁ॥
ਭੰਡਹੁ ਹੋਵੈ ਦੋਸਤੀ ਭੰਡਹੁ ਚਲੈ ਰਾਹੁ॥
ਭੰਡਿ ਮੂਆ ਭੰਡਿ ਭਾਲੀਐ ਭੰਡਿ ਹੋਵੈ ਬੰਧਾਨੁ॥ (੪੭੩)

'ਭੰਡਿ ਮੰਗਣੁ ਵੀਆਹੁ' ਦਾ ਅਰਥ ਹੈ 'ਇਸਤ੍ਰੀ ਨਾਲ ਇੱਕ ਮੰਗਣੀ ਤੇ ਇੱਕੋ ਵਿਆਹ' ਭਾਵ ਮੰਗਣੀ ਤੇ ਵਿਆਹ ਵੀ ਇੱਕੋ ਇੱਕ ਹਨ। ਹਾਂ, ਭੰਡੁ ਮੂਆ ਭੰਡੁ ਭਾਲੀਐਂ ਜ਼ਰੂਰ ਠੀਕ ਹੈ। ਭਾਵ ਇੱਕ ਮਰ ਜਾਣ ਤੇ ਦੂਜੀ ਦੀ ਆਗਿਆ ਹੈ। ਪਰ 'ਭੰਡੁ ਭਾਲੀਐਂ' ਵਿੱਚ 'ਭੰਡੁ' ਫੇਰ ਇੱਕ ਬਚਨ ਹੈ। ਸੋ ਦੂਜੀ ਬਾਰ ਭੀ ਆਗਿਆ ਇੱਕੋ ਦੀ ਹੈ।

6. ਕਹੁ ਨਾਨਕ ਜਉ ਪਿਰਹਿ ਸੀਗਾਰੀ॥ ਥਿਰ ਸੋਹਾਗਨਿ ਸੰਗਿ ਭਤਾਰੀ॥ (੩੭੨)
'ਸੀਗਾਰੀ' ਇੱਕ ਬਚਨ ਹੈ। ਇਸ ਕਰਕੇ ਭਤਾਰ ਸੰਗਿ ਇੱਕੋ ਥਿਰੁ-ਸੋਹਾਗਨਿ ਹੈ।

7. ਗੁਰਬਾਣੀ ਵਿੱਚ ਕੇਵਲ ਅਕਾਲ-ਪੁਰਖ ਵਾਹਿਗੁਰੂ ਦੀਆਂ ਅਨੇਕਾਂ ਇਸਤ੍ਰੀਆਂ ਹਨ, ਕਿਉਂਕਿ (ਪੰਨਾ ੮੩੩) ਤੇ 'ਠਾਕੁਰੁ ਟੇਕੁ ਸਈ ਨਾਰਿ' ਔਂਦਾ ਹੈ। ਤੇ ਭਾਈ ਗੁਰਦਾਸ ਜੀ ਦੀ ਰਚਨਾ ਵਿੱਚ, ਅਲੰਕਾਰਕ ਤੌਰ ਤੇ ਕਿਤੇ ਕਿਤੇ (ਜਿਵੇਂ ਕਬਿਤ ੨੮੮ ਵਿੱਚ) ਜ਼ਰੂਰ ਆਉਂਦਾ ਹੈ। ਨਾਇਕ ਹੈ ਏਕੁ ਅਰੁ ਨਾਇਕਾ ਅਸ਼ਟ ਤਾ ਕੈ। ਪਰ ਸੱਭ ਪੁਰਖਾ ਵਾਸਤੇ (ਜਿਸ ਤਰਾਂ ਪੰਨਾ ੨੪੪ ਤੇ) 'ਕਾਮਣਿਨਾਹ ਪਿਆਰੀ' ਇੱਕੋ ਇੱਕ ਹੈ। ਪਰਮਾਣ ਹੋਰ ਭੀ ਬਥੇਰੇ ਹਨ। ਪਰ


www.AKJ.Org

ਏਥੇ ਏਨੇ ਹੀ ਕਾਫੀ ਹਨ। ਹੁਣ ਦੱਸੋ ਇਤਿਹਾਸ ਮੰਨੀਏ, ਤੇ ਇਤਿਹਾਸ ਭੀ ਉਹ ਜਿਹੜੇ ਕੋਈ ਕੁੱਛ ਕਹਿਣ ਕੋਈ ਕੁੱਛ, ਕੇ ਗੁਰਬਾਣੀ ਮੰਨੀਏ ਜਿਹੜੀ ਕੇਵਲ ਇਹ ਕਹਿੰਦੀ ਹੈ 'ਧਨ ਏਕਲੜੀ ਜੀਉ'? (੨੪੪)

ਮੈਨੂੰ ਸਾਰੀ ਗੁਰਬਾਣੀ ਵਿੱਚ ਦੋ ਅੱਖਰਾਂ ਦੇ ਬਹੁ-ਬਚਨ ਕਿਤੇ ਨਹੀਂ ਮਿਲੇ। ਉਹ ਅੱਖਰ ਹਨ, ਧਨ (ਭਾਵ ਪਤਨੀ) ਤੇ ਵਾਹਿਗੁਰੂ ਅਤੇ ਨਾ ਹੀ ਸਾਰੀ ਗੁਰਬਾਣੀ ਵਿੱਚ ਕਿਤੇ ਇੱਕ ਪਤੀ ਦੀਆਂ ਦੋ ਪਤਨੀਆਂ ਦਾ ਇਸ਼ਾਰਾ ਮਿਲਿਆ ਹੈ। ਹਾਂ, ਦੋ ਇਸਤ੍ਰੀਆਂ ਵਾਲੇ ਪੁਰਖ ਤੇ ਦੋ ਪੁਰਖਾਂ ਵਾਲੀ ਇਸਤ੍ਰੀ ਦੀ ਬਿਭਿਚਾਰਤਾ ਸਿੱਖ-ਧਰਮ ਦੀ ਮਸ਼ਹੂਰ ਬਜਰ-ਕੁਰਹਿਤ ਆਪਾਂ ਸਾਰੇ ਜਾਣਦੇ ਹਾਂ।

ਇੱਕ ਸਾਖੀ ਵੀ ਸੁਣੋ ਜੋ ਤੁਸੀਂ ਪਹਿਲਾਂ ਵੀ ਜ਼ਰੂਰ ਸੁਣੀ ਹੈ। ਦਸਵੇਂ ਪਾਤਸ਼ਾਹ ਨੇ ਤੀਰ ਨਾਲ ਮਟੀ ਨੂੰ ਸਲਾਮ ਕੀਤਾ। ਸਿੰਘਾਂ ਨੇ ਪੁੱਛਿਆ ਮਹਾਰਾਜ ਇਹ ਕੀ? ਮਟੀਆਂ ਪੂਜਣ ਤੋਂ ਆਪ ਹੀ ਵਰਜਦੇ ਹੋ ਤੇ ਆਪ ਹੀ ਮਟੀਆਂ ਪੂਜਦੇ ਹੋ। ਠੀਕ ਏਸੇ ਤਰਾਂ, ਦਸਵੇਂ ਪਾਤਸ਼ਾਹ ਸਿੱਖਾਂ ਨੂੰ ਤਾਂ ਕਹਿਣ, 'ਏਕਾ ਨਾਰੀ ਜਤੀ ਸਦਾਵੇ,' ਤੇ ਆਪ ਵਿਆਹ ਕਰਾਉਣ ਤਿੰਨ, ਇਹ ਕਿਸ ਤਰਾਂ ਹੋ ਸਕਦਾ ਹੈ? ਇਤਿਹਾਸਕਾਰ ਕਹਿਣ ਵੀ, ਫੇਰ ਵੀ ਗੁਰਬਾਣੀ ਦੇ ਆਸ਼ੇ ਵਿਰੁੱਧ ਤੁਸੀਂ ਛੇਵੇਂ ਤੇ ਦਸਵੇਂ ਪਾਤਸ਼ਾਹ ਦੇ ਤਿੰਨ ਤਿੰਨ ਵਿਆਹ ਕਿਉਂ ਲਿਖੇ? ਇਤਿਹਾਸ ਪਹਿਲਾਂ ਹੈ ਕੇ ਗੁਰਬਾਣੀ?

ਦਸਵੇਂ ਪਾਤਸ਼ਾਹ ਨੇ ਭੀ ਪੰਜਾਂ ਪਿਆਰਿਆਂ ਪਾਸੋਂ ਉਹੀ ਅੰਮ੍ਰਿਤ ਛਕਿਆ ਸੀ ਜੋ ਅੱਜ ਅਸੀਂ ਸਾਰੇ ਛਕਦੇ ਹਾਂ ਤੇ ਜਿਸ ਅੰਮ੍ਰਿਤ ਦੀ ਇਕ ਰਹਿਤ ਹੈ "ਏਕਾ ਨਾਰੀ ਜਤੀ ਸਦਾਵੇ।" ਗੁਰੂ ਮਹਾਰਾਜ ਦੇ ਤਿੰਨ ਵਿਆਹ ਦੱਸ ਕੇ ਤੁਸੀਂ ਕਹਿ ਰਹੇ ਹੋ ਕਿ ਗੁਰੂ ਸਾਹਿਬ ਨੇ ਅੰਮ੍ਰਿਤ ਦੀ ਰਹਿਤ ਭੰਗ ਕੀਤੀ।

ਕੀ ਗੁਰੂ ਸਾਹਿਬ ਇਦਾਂ ਕਰਕੇ ਆਪਣੇ ਹੀ ਬਣਾਏ ਹੋਏ ਅਸੂਲਾਂ ਦੀ ਉਲੰਘਣਾ ਕਰ ਸਕਦੇ ਹਨ। ਕਦਾਚਿਤ ਨਹੀਂ। ਸੋ ਹੁਣ ਇਹ ਗੱਲ ਸਾਡੇ ਮਨਾਂ ਵਿਚੋਂ ਮੂਲੋਂ ਹੀ ਨਿਕਲ ਜਾਣੀ ਚਾਹੀਦੀ ਹੈ ਕਿ ਗੁਰੂ ਸਾਹਿਬ ਦੇ ਇਕ ਦੋ ਵੱਧ ਵਿਆਹ ਸਨ।


# ਨਿਸ਼ਕਾਮ ਵਜ਼ੀਫੇ 1998 ਅਤੇ 1999

## Nishkam Talent Search & Support Programme

ਨਿਸ਼ਕਾਮ ਸਿੱਖ ਵੈਲਫੇਅਰ ਕੌਂਸਲ (ਰਜਿ:) ਇਕ ਸੇਵਾ ਸੰਸਥਾ, ਚੰਗੇ ਚਾਲ-ਚਲਣ ਵਾਲੇ ਲਾਇਕ/ਲੋੜਵੰਦ ਬੱਚਿਆਂ (ਸ਼ਰਾਬ ਸਿਗਰੇਟ ਤੇ ਹੋਰ ਨਸ਼ੇ ਨਾ ਕਰਨ ਵਾਲੇ), ਜਿਨ੍ਹਾਂ ਨੇ ਦਿੱਲੀ ਚੰਡੀਗੜ੍ਹ, ਪੰਜਾਬ ਹਰਿਆਣਾ, ਰਾਜਸਥਾਨ, ਹਿਮਾਚਲ ਪ੍ਰਦੇਸ਼ ਜਾਂ ਜੰਮੂ ਅਤੇ ਕਸ਼ਮੀਰ ਤੋਂ 1998 ਵਿਚ ਬਾਰਵੀਂ ਘੱਟੋ ਘੱਟ 50% ਨੰਬਰਾਂ ਨਾਲ ਪਾਸ ਕੀਤੀ ਹੋਵੇ ਜਾਂ 1999 ਵਿਚ ਬਾਰਵੀਂ ਦਾ ਇਮਤਿਹਾਨ ਦੇ ਰਹੇ ਹੋਣ, ਕੋਲੋਂ ਉਚੇਰੀ ਵਿਦਿਆ ਲਈ 250/- ਰੁਪਏ ਤੋਂ 1000/- ਰੁਪਏ ਮਹੀਨੇ ਦੇ ਵਜ਼ੀਫੇ ਦੇਣ ਲਈ ਅਰਜ਼ੀਆਂ ਦੀ ਮੰਗ ਕਰਦੀ ਹੈ। ਪਰਿਵਾਰ ਦੀ ਆਮਦਨ 20000/- ਰੁਪਏ ਮਹੀਨੇ ਤੋਂ ਵੱਧ ਨਹੀਂ ਹੋਣੀ ਚਾਹੀਦੀ। ਵਜ਼ੀਫ/ Punjabi, Religious& Moral Studies, General English, General Awareness, Mental Ability & Science/ Commerce/ Arts ਦਾ ਟੈਸਟ ਅਤੇ ਇੰਟਰਵਿਉ ਲੈਣ ਤੋਂ ਬਾਅਦ ਦਿਤੇ ਜਾਣਗੇ। ਟੈਸਟ 27 ਜੂਨ, 1999 ਨੂੰ ਹੋਵੇਗਾ। ਫ਼ਰੀ ਅਰਜ਼ੀ ਦਾ ਫਾਰਮ ਕੌਂਸਲ ਦੇ ਦਫ਼ਤਰ ਬੀ ਬਲਾਕ, ਤਿਲਕ ਵਿਹਾਰ, ਨਵੀਂ ਦਿਲੀ-110018 (ਫੋਨ 5412601, 5101848 ਤੋਂ 20 ਮਈ, 1999 ਤਕ ਲਿਆ ਜਾ ਸਕਦਾ ਹੈ।

## Master Harbans Singh Memorial Scholarship Programme

ਨਿਸ਼ਕਾਮ ਸਿੱਖ ਵੈਲਫੇਅਰ (ਰਜਿ:) ਇਕ ਸੇਵਾ ਸੰਸਥਾਂ, ਚੰਗੇ ਚਾਲ-ਚਲਣ ਵਾਲੇ ਲਾਇਕ/ਲੋੜਵੰਦ ਬੱਚਿਆਂ (ਸ਼ਰਾਬ, ਸਿਗਰੇਟ ਤੇ ਹੋਰ ਨਸ਼ੇ ਨਾ ਕਰਨ ਵਾਲੇ), ਜਿਨ੍ਹਾਂ ਨੇ ਦਿੱਲੀ, ਚੰਡੀਗੜ੍ਹ, ਪੰਜਾਬ, ਹਰਿਆਣਾ, ਰਾਜਸਥਾਨ, ਹਿਮਾਚਲ ਪ੍ਰਦੇਣ ਜਾਂ ਜੰਮੂ ਅਤੇ ਕਸ਼ਮੀਰ ਤੋਂ 1998 ਵਿਚ ਦਸਵੀਂ ਘੱਟੋ ਘੱਟ 50% ਨੰਬਰਾਂ ਨਾਲ ਕੀਤੀ ਹੋਵੇ ਜਾਂ 1999 ਵਿਚ ਦਸਵੀਂ ਦਾ ਇਮਤਿਹਾਨ ਦੇ ਰਹੇ ਹੋਣ, ਕੋਲੋਂ 2 ਸਾਲ ਲਈ 150/- ਰੁਪਏ ਮਹੀਨੇ ਦੇ ਵਜ਼ੀਫੇ ਦੇਣ ਲਈ, ਅਰਜ਼ੀਆਂ ਦੀ ਮੰਗ ਕਰਦੀ ਹੈ। ਵਜ਼ੀਫੇ Punjabi, Relogious & Moral Studies, Science, Maths, & Social Studies ਦਾ ਟੈਸਟ ਅਤੇ ਇੰਟਰਵਿਊ ਲੈਣ ਤੋਂ ਬਾਅਦ ਦਿਤੇ ਜਾਣਗੇ ਟੈਸਟ 27 ਜੂਨ, 1999 ਨੂੰ ਹੋਵੇਗਾ। ਫ਼ਰੀ ਅਰਜ਼ੀ ਦਾ ਫਾਰਮ ਕੌਂਸਲ ਦੇ ਦਫ਼ਤਰ ਬੀ ਬਲਾਕ, ਤਿਲਕ ਵਿਹਾਰ, ਨਵੀਂ ਦਿੱਲੀ- 110018 (ਫੋਨ 5412601, 5101848 ਤੋਂ 20 ਮਈ, 1999 ਤਕ ਲਿਆ ਜਾ ਸਕਦਾ ਹੈ।।

# ਮੇਰੀ ਰੂਹਾਨੀ ਡਾਇਰੀ ਦਾ ਇਕ ਵਰਕ

(ਇਕ ਮੁਤਲਾਸ਼ੀ-ਹੱਕ ਤੇ ਵਕਤ-ਬੇ-ਵਕਤ ਜਾਗਣ ਵਾਲਾ)

## ਸਿਮਰਨ ਕੀ ਨਹੀਂ ਕਰ ਸਕਦਾ

(1) ਐਤਵਾਰ ਤੇ ਸੋਮਵਾਰ ਦੀ ਬਿਚਾਲਲੀ ਰਾਤ ਸੀ। ੨੪ ਤੇ ੨੫ ਜਨਵਰੀ, ੧੯੬੫ ਦਾ ਈਸਵੀ ਸਾਲ ਤੇ ਰਾਤ ਦੇ ੧੦ ਵਜੇ ਸਨ, ਜਦ ਪ੍ਰਸਿੰਨ ਕੌਰ ਦੀ 'ਹਾਇ ਹਾਇ' ਸੁਣੀ। ਉਹ ਅੱਤ ਦੁਖੀ ਸੀ ਤੇ ਦਰਦ ਨਾਲ ਕਰਾਹ ਰਹੀ ਸੀ। ਦਰਦ ਦੀ ਸਾਰ ਉਹੋ ਜਾਣ, ਜਿਸਦੇ ਹੁੰਦਾ ਹੋਵੇ।

ਮੈਂ ਆਪਣੇ ਕਮਰੇ ਵਿਚ ਮੰਜੇ ਤੇ ਲੰਮਾ ਪਿਆ ਸਾਂ, ਸੁਤਾ ਨਹੀਂ ਸਾਂ, ਸਾਵਧਾਨ ਹੋ ਗਿਆ। ਰਜ਼ਾਈ ਦਾ ਝੁੰਮ ਮਾਰੇ, ਚੌਂਕੜਾਂ ਲਾ ਕੇ ਬੈਠ ਗਿਆ ਤੇ ਵਾਹਿਗੁਰੂ ਸਿਮਰਨ ਸ਼ੁਰੂ ਕਰ ਦਿਤਾ। ਬਿਰਤੀ ਛੇਤੀ ਟਿਕ ਗਈ ਤੇ ਸੁਰਤ ਦਮਾਗ ਵਿਚ ਆ ਗਈ। ਸਿਮਰਨ ਆਪ-ਮੁਹਾਰੇ ਸ਼ੁਰੂ ਹੋ ਗਿਆ। ਰੱਬੀ ਕੀਰਤਨ ਹੋਣ ਲਗ ਪਿਆ, ਢੋਲਕ ਦੀ ਆਵਾਜ ਆਈ, ਦੂਰ ਕਿਤੇ ਅਰਸ਼ਾਂ ਵਿਚ ਕੋਈ ਲਮਕਾ ਲਮਕਾ ਕੇ 'ਵਾਹਿਗੁਰੂ ਵਾਹਿਗੁਰੂ' ਵਾਰ ਵਾਰ ਗਾ ਰਿਹਾ ਸੀ। ਉਹ ਵਾਹਿਗੁਰੂ ਵਾਹਿਗੁਰੂ ਮੇਰੇ ਰਗੋ-ਰੇਸ਼ੇ ਵਿਚ ਵਸਿਆ ਹੋਇਆ ਸੀ ਹਵਾ ਵਿਚ ਰਮਿਆ ਹੋਇਆ ਸੀ, ਕੰਧਾਂ ਵਿਚ ਬੀ ਸੀ, ਸਾਰੇ ਸੀ, ਥਲੇ ਬੀ, ਧਰਤੀ ਵਿਚ ਬੀ, ਪੁਲਾੜ ਵਿਚ ਬੀ ਮਲੂੰਮ ਦੇਂਦਾ ਸੀ।

ਮੈਂ ਮਹਿਸੂਸ ਕੀਤਾ ਕਿ ਮੈਂ ਇਕੱਲਾ ਹੀ ਹਾਂ, ਪਰ ਘਿਰਿਆ ਹੋਇਆ ਹਾਂ ਵਾਹਿਗੁਰੂ ਦੀਆਂ ਰਵਸ਼ਾਂ ਵਿਚ। ਬੇਮਲੂੰਮੇ ਹੀ ਮੈਂ ਹੋਰ ਕਿਧਰੇ ਜਾ ਪੁਜਾ। ਕੱਚੇ ਕੋਠੇ ਹਨ। ਇਕ ਕੋਠੇ ਵਿਚ ਗੁਰੂ ਗ੍ਰੰਥ ਸਾਹਿਬ ਦਾ ਪਾਠ ਹੋ ਰਿਹਾ ਹੈ, ਚੌਰ ਹੋ ਰਿਹਾ ਹੈ ਤੇ ਇਕ ਮਹਾਂ-ਤਪੱਸਵੀ, ਸੰਤ ਰਣਧੀਰ ਸਿੰਘ ਜੀ ਨਾਲ ਮਿਲਦੇ ਹੋਏ, ਬੜੀ ਦਿਲ ਖਿਚਵੀ ਅਵਾਜ਼ ਵਿਚ ਪਾਠ ਕਰ ਰਹੇ ਹਨ। ਸਰਬ-ਲੋਹ ਦਾ ਬਾਟਾ ਪ੍ਰਸ਼ਾਦ ਨਾਲ ਭਰਿਆ ਹੋਇਆ ਕੋਲ ਪਿਆ ਹੈ। ਪ੍ਰਕਾਸ਼ ਉਚੀ ਥਾਂ ਤੇ ਹੈ। ਮੈਂ ਮਥਾ ਟੇਕਿਆ।

ਪਾਤਸ਼ਾਹ ਮੇਰੇ ਵਲ ਤਕੇ, ਅਧਮੀਚੀਆਂ, ਮਸਤੀ ਵਿਚ ਰਤੀਆਂ, ਅਖਾ ਵਾਲਾ ਚੇਹਰਾ ਲਾਲ ਸੀ, ਬਸਤਰ ਸੁਫੈਦ ਸਨ, ਦਾੜ੍ਹਾ ਚਿਟਾ, ਅਖਾਂ ਦੀਆਂ ਭਵ੍ਹਾਂ ਸਾਰੀਆਂ ਦੀਆਂ ਸਾਰੀਆਂ ਅਖਾਂ ਨੂੰ ਬੰਦ ਕਰ ਰਹੀਆਂ ਸਨ। ਦੇਖਣ ਵਾਲਿਆਂ ਨੂੰ ਮਲੂੰਮ ਹੁੰਦਾ ਸੀ ਕਿ ਬੰਦ ਹੀ ਹਨ, ਪਰ ਉਨ੍ਹਾ ਦੀ ਹਸਣੀ ਤੋਂ ਮਲੂੰਮ ਹੁੰਦਾ ਸੀ ਕਿ ਉਹ ਦੇਖ ਰਹੇ ਹਨ। ਕੋਈ ਖੇੜੇ ਤੇ ਅਨੰਦ ਦਾ ਵਾਤਾਵਰਣ ਸੀ, ਸੁਪਨਾ ਤਾਂ ਨਹੀਂ ਸੀ ਸ਼ਕ ਨੂੰ ਦੂਰ ਕਰਨ ਲਈ ਮੈਂ ਘੜੀ ਨੂੰ ਵੇਖਿਆ ਤਾਂ ਬਾਰਾਂ ਵੱਜ ਕੇ ਇਕੀ ਮਿੰਟ ਰਾਤ ਦੇ ਸਨ, ਦਾਸ ਨੇ ਪ੍ਰਸ਼ਾਦ ਦੀ ਦਾਤ ਮੰਗੀ ਤਾਂ ਦਿਬ ਜੋਤ ਗੁਰੂ ਨਾਨਕ ਵਿਚ ਪਲਟੀ ਹੋਈ ਨਜ਼ਰ ਆਈ।

ਧੀਮੀ ਆਵਾਜ਼ ਆਈ, "ਸਭ ਪ੍ਰਵਾਰ ਚੜ੍ਹਾਇਓ ਬੇੜੇ"। ਮੈਂ ਪ੍ਰਵਾਰ ਨੂੰ ਬੁਲਾਇਆ ਪਰ ਲੜਕਾ ਤਾ ਸੁਤਾ ਹੋਇਆ ਸੀ, ਜਗਾਇਆ ਨਾਂਹ। ਸਰਦਾਰਨੀ ਬੈਠੀ ਪਾਠ ਕਰ ਰਹੀ ਸੀ, ਇਹ ਅਜੀਬ ਗਤੀ ਸੀ। ਜਦ ਉਸ ਨੂੰ ਬੇੜੇ ਚੜ੍ਹਨ ਦਾ ਸੰਦੇਸ਼ ਦਿਤਾ ਤਾਂ ਕਹਿਣ ਲਗੀ, "ਮੈਨੂੰ ਇਥੇ ਹੀ ਪ੍ਰਸ਼ਾਦ ਲਿਆ ਦਿਓ।" ਮੈਂ ਵਾਪਸ ਪਰਤਿਆ। ਹਜ਼ੂਰੀ ਪਹਿਰੇਦਾਰ ਨੇ ਫਾਟਕ ਖੋਲ੍ਹਿਆ। ਉਸ ਨੇ ਅੰਦਰ ਲਿਜਾ ਕੇ ਪ੍ਰਸ਼ਾਦ ਛਕਾਇਆ ਤੇ ਘਰ ਵਾਸਤੇ ਭੀ ਦਿਤਾ। ਪ੍ਰਸ਼ਾਦ ਛਕਣ ਦੀ ਦੇਰ ਸੀ ਕਿ ਸੁਰਤੀ ਪਰਤੀ। ਮੈਂ ਆਪਣੇ ਮੰਜੇ ਤੇ ਬੈਠਾ ਸਾਂ, 'ਵਾਹਿਗੁਰੂ' ਜਾਪ ਜਾਰੀ ਸੀ। ਮੇਰੇ ਸਜੇ ਪਾਸੇ ਪੇਟ ਵਿਚ ਅਕਹਿ ਦਰਦ ਸੀ। ਦਰਦ ਦੀ ਰੱਗ ਇਮ ਲੰਮੀ ਪਤਲੀ, ਤੀਰ ਦੀ ਸ਼ਕਲ ਦੀ ਸੀ ਪਰ ਸੀ ਬਹੁਤ ਜ਼ਿਆਦਾ। ਥੋੜੇ ਹੋਰ ਸਿਮਰਨ ਬਾਦ ਦਰਦ ਬੰਦ ਹੋ ਗਿਆ। ਘੜੀ ਵਲ ਤਕਿਆ ਤਾਂ ੪ ਵਜੇ ਸਨ।

ਉਠ ਕੇ ਬੀਮਾਰ ਦੇ ਕਮਰੇ ਵਿਚ ਗਿਆ ਤਾ ਉਹ ਸੁਤੀ ਪਈ ਸੀ। ਜਗਾਇਆ ਨਹੀਂ। ਪਰਤਿਆ। ਆਪਣੇ ਪਿਆਰੇ ਰੂਪ ਵਿਚ ਤੇ ਸੌਂ ਗਿਆ ਇਕ ਸੂਖਸ਼ਮ ਅਰਦਾਸਾ ਕਰਕੇ।

ਸਵੇਰੇ ਸਾਢੇ ਅਠ ਵਜੇ ਉਠਿਆ ਤਾ ਸਰਦਾਰਨੀ ਨਹਾ ਕੇ ਕੋਈ ਤੁਕ ਗੁਣ-ਗੁਣਾ ਰਹੀ ਸੀ ਤੇ ਖਾਣਾ ਬਣਾ ਰਹੀ ਸੀ। ਪੁਛਿਆ, ਬੀਮਾਰੀ ਦਾ ਕੀ ਹਾਲ ਹੈ? ਕਹਿਣ ਲਗੀ, "ਪਤਾ ਨਹੀਂ ਰਾਤ ਕੀ ਹੋਇਆ ਹੈ, ਮੈਂ ਤਾਂ ਬਿਲਕੁਲ ਰਾਜ਼ੀ ਹੋ ਗਈ ਹਾਂ, ਪਰ ਧਰਮ-ਰਾਜ ਦੇ ਦਰਬਾਰ ਵਿਚੋਂ ਹੋ ਕੇ ਪਰਤੀ ਹਾਂ"

"ਸਰਬ ਰੋਗ ਕਾ ਅਉਖਧ ਨਾਮੁ"



www.AKJ.Org

# ਸਮੂਹ ਸੰਗਤਾਂ ਦੇ ਧਿਆਨ ਹਿਤ

ਪਿਛਲੇ ਲਗਭਗ ਪੰਜ ਸਾਲਾਂ ਤੋਂ ਅਖੰਡ ਕੀਰਤਨੀ ਜੱਥੇ ਵਿਚ ਹਾਈਕਮਾਂਡ ਦੇ ਮਸਲੇ ਨੂੰ ਲੈ ਕੇ ਵਾਦ ਵਿਵਾਦ ਛਿੜਿਆ ਹੋਇਆ ਹੈ ਜਿਹੜਾ ਕਿ ਬਹੁਤ ਸਾਰੇ ਗੁਰਮੁਖ ਪਿਆਰਿਆਂ ਦੇ ਸੁਹਿਰਦ ਯਤਨਾਂ ਦੇ ਬਾਵਜੂਦ ਕੁਝ ਇਕ ਦੇ ਸੌੜੇ ਹਿਤਾਂ ਕਰਕੇ ਹੱਲ ਨਹੀਂ ਹੋ ਸਕਿਆ। ਇਸੇ ਸਬੰਧ ਵਿਚ 'ਸੂਰਾ' ਮਾਸਿਕ ਪੱਤਰ ਵਿਚ ਕੁਝ ਵਿਵਾਦਗ੍ਰਸਤ ਗੱਲਾਂ ਛਪਣ ਕਰਕੇ ਸੂਰਾ ਪੱਤਰ ਨੂੰ ਅੰਮ੍ਰਿਤਸਰ ਤੋਂ ਲੁਧਿਆਣੇ ਤਬਦੀਲ ਕਰਨ ਦਾ ਫੈਸਲਾ ਕੀਤਾ ਗਿਆ। ਜੂਨ 1994 ਤੋਂ ਸੂਰਾ ਲੁਧਿਆਣਾ ਤੋਂ ਜਾਰੀ ਹੋਣਾ ਸ਼ੁਰੂ ਹੋਇਆ। ਜਾਰੀ ਹੋਣ ਵੇਲੇ ਤੋਂ ਹੀ ਇਹ ਫੈਸਲਾ ਕੀਤਾ ਗਿਆ ਕਿ ਦੋਨਾਂ ਧਿਰਾਂ ਵਿਚਲੀਆਂ ਹੀ ਖਾਮੀਆਂ ਨੂੰ ਮੱਦੇ ਨਜ਼ਰ ਰੱਖਦੇ ਹੋਏ ਕਿਸੇ ਵੀ ਧਿਰ ਨਾਲ ਸਬੰਧਤ ਕੋਈ ਵਾਦ ਵਿਵਾਦ ਵਾਲੀ ਗੱਲ ਨਹੀਂ ਛਾਪੀ ਜਾਵੇਗੀ। ਸਮੇਂ-ਸਮੇਂ ਸਿਰ ਕਈ ਗੱਲਾਂ ਸੂਰਾਂ ਵਿਚ ਛਪਣ ਵਾਸਤੇ ਦਬਾਅ ਵੀ ਪੈਂਦਾ ਰਿਹਾ ਪਰ ਗੁਰੂ ਮੇਹਰ ਸਦਕਾ 'ਸੂਰਾ' ਪੱਤਰ ਅਡੋਲ ਆਪਣੀ ਰਾਹੇ ਚਲਦਾ ਰਿਹਾ ਹੈ।

ਅਜੋਕੀ ਸਥਿਤੀ ਜੋ ਕਿ ਪਾਠਕਾਂ ਅਤੇ ਅਖੰਡ ਕੀਰਤਨੀ ਜੱਥੇ ਦੀਆਂ ਸਮੂਹ ਸੰਗਤਾਂ ਦੇ ਧਿਆਨ ਹਿਤ ਇਹ ਹੈ ਕਿ ਪ੍ਰਬੰਧਕੀ ਪੰਚਾਇਣ ਨਾਂ ਦੇ ਧੜੇ ਨੇ ਸ੍ਰੀ ਅਨੰਦਪੁਰ ਸਾਹਿਬ ਵਿਖੇ ਵਿਸਾਖੀ ਦੇ ਕੀਰਤਨ ਸਮਾਗਮ ਮੌਕੇ ਸੂਰਾ ਮਾਸਿਕ ਪੱਤਰ ਦੇ ਸੇਵਾਦਾਰਾਂ ਨੂੰ ਸਟਾਲ ਨਹੀਂ ਲਗਾਉਣ ਦਿੱਤਾ ਤੇ ਅੱਗੋਂ ਲਈ ਵੀ ਇਹ ਹੁਕਮ ਸੁਣਾਇਆ ਹੈ ਕਿ ਜਿਥੇ ਵੀ ਪ੍ਰਬੰਧਕੀ ਪੰਚਾਇਣ ਵੱਲੋਂ ਸਮਾਗਮ ਕੀਤਾ ਜਾਵੇਗਾ ਉਥੇ ਸੂਰਾ ਦਾ ਸਟਾਲ ਨਹੀਂ ਲਗਾਉਣ ਦਿੱਤਾ ਜਾਵੇਗਾ ਇਥੋਂ ਤੱਕ ਵੀ ਸੁਨਣ ਵਿਚ ਆਇਆ ਕਿ ਉਥੇ ਸੂਰਾ ਬਾਬਤ ਪੁੱਛਣ ਆਏ ਕੁਝ ਇਕ ਨੂੰ ਇਹ ਵੀ ਆਖਿਆ ਗਿਆ ਕਿ ਸੂਰਾ ਹੁਣ ਬੰਦ ਹੋ ਗਿਆ ਹੈ।

ਇਸ ਘਟਨਾ ਨਾਲ ਸੂਰਾ ਪੱਤਰ ਨੂੰ ਜੋ ਕਿ ਸੰਗਤਾਂ ਅਤੇ ਗੁਰੂ ਮਹਾਰਾਜ ਦੀਆਂ ਅਪਾਰ ਬਖ਼ਸ਼ਿਸ਼ਾਂ ਨਾਲ ਚੱਲ ਰਿਹਾ ਹੈ ਤਾਂ ਕੋਈ ਫਰਕ ਨਹੀਂ ਪੈਂਦਾ ਸਗੋਂ ਆਪਣੇ ਆਪ ਨੂੰ ਚੜ੍ਹਦੀ ਕਲਾ ਵਾਲੇ ਪੁਰਾਤਨ ਸਿੰਘ ਅਖਵਾਉਣ ਵਾਲੇ ਇਹਨਾਂ ਪ੍ਰਬੰਧਕੀ ਪੰਚਾਇਣ ਵਾਲੇ ਸਿੰਘਾਂ ਨੇ ਆਪਣੀ ਸੌੜੀ ਸੋਚ ਦਾ ਹੀ ਪ੍ਰਗਟਾਵਾ ਕੀਤਾ ਹੈ।

ਸੋ ਸਮੂਹ ਸੰਗਤਾਂ ਦੇ ਗਿਆਤ ਹਿਤ ਇਹ ਸੂਚਨਾ ਦਿੱਤੀ ਜਾਂਦੀ ਹੈ ਕਿ ਸੂਰਾ ਦਾ ਸਟਾਲ ਹੁਣ ਹਰੇਕ ਮਹੀਨੇ ਦੇ ਅਖੀਰਲੇ ਸ਼ਨੀਵਾਰ ਗੁ: ਬਿਬੇਕਸਰ ਅੰਮ੍ਰਿਤਸਰ ਵਿਖੇ ਹੋਣ ਵਾਲੇ ਰੈਣਿ ਸਬਾਈ ਕੀਰਤਨ ਤੇ ਜਾਂ ਇਸੇ ਤਰਾਂ ਦੇ ਨਿਰਪੱਖ ਸੰਗਤਾਂ ਵੱਲੋ ਕੀਤੇ ਜਾਣ ਵਾਲੇ ਕੀਰਤਨ ਸਮਾਗਮਾਂ ਤੇ ਹੀ ਲਾਉਣ ਦਾ ਜਤਨ ਕੀਤਾ ਜਾਵੇਗਾ। ਸੋ ਗੁਰਮੁਖ ਪਿਆਰੀਆਂ ਸੰਗਤਾਂ ਸੂਰਾ ਦੇ ਚੰਦੇ ਜਾਂ ਹੋਰ ਸਹਾਇਤਾ ਆਦਿ ਇਹਨਾਂ ਥਾਵਾਂ ਤੇ ਜਮਾਂ ਕਰਾਉਣ ਜਾਂ ਸੂਰਾ ਦੇ ਲੁਧਿਆਣਾ ਦਫ਼ਤਰ ਤੇ ਭੇਜਣ। ਸੰਗਤਾਂ ਦੀ ਸਹੂਲਤ ਵਾਸਤੇ ਜਲਦੀ ਹੀ ਸੂਰਾ ਪੱਤਰ ਦੇ ਸਾਰੇ ਸ਼ਹਿਰਾਂ ਵਿਚ ਨਵੇਂ ਸੇਵਾਦਾਰ ਨਿਯੁਕਤ ਕਰਕੇ ਉਹਨਾਂ ਦੀ ਸੂਚੀ ਪੱਤਰ ਵਿਚ ਛਾਪੀ ਜਾਵੇਗੀ। ਪੂਰਨ ਆਸ ਹੈ ਕਿ ਸੰਗਤਾਂ ਦਾਸਰਿਆਂ ਦੀ ਬੇਨਤੀ ਨੂੰ ਪ੍ਰਵਾਨ ਕਰਕੇ ਪਹਿਲਾਂ ਨਾਲੋਂ ਵੀ ਵੱਧ ਸਹਿਯੋਗ ਦੇ ਕੇ ਇਸ ਪੱਤਰ ਨੂੰ ਹੋਰ ਵਧੇਰੇ ਚੜ੍ਹਦੀ ਕਲਾ ਵਿਚ ਲਿਜਾਣ ਲਈ ਸਹਾਈ ਹੋਣਗੀਆਂ।

ਦਾਸਰੇ ਸੰਪਾਦਕ ਅਤੇ ਸਮੂਹ ਸੇਵਾਦਾਰ ਸੂਰਾ ਮਾਸਿਕ ਪੱਤਰ, ਲੁਧਿਆਣਾ

"ਸਾਰੇ ਸ਼ਹਿਰਾਂ ਦੀਆਂ ਸੰਗਤਾਂ ਪ੍ਰਤੀ ਬੇਨਤੀ ਹੈ ਕਿ ਆਪੋ-ਆਪਣੇ ਸ਼ਹਿਰਾਂ ਦੇ ਕੇਂਦਰੀ ਅਤੇ ਸਾਲਾਨਾ ਕੀਰਤਨ ਸਮਾਗਮ ਕਿਸੇ ਹੋਰ ਵਿਵਾਦਗ੍ਰਸਤ ਟਾਈਟਲ ਤੋਂ ਬਗੈਰ ਕੇਵਲ ਸਥਾਨਕ ਅਖੰਡ ਕੀਰਤਨੀ ਜੱਥੇ ਦੇ ਨਾਂ ਹੇਠ ਹੀ ਪ੍ਰਚਾਰਨ। ਸਮਾਗਮਾਂ ਦੇ ਇਸ਼ਤਿਹਾਰਾਂ ਇਚ ਵੀ ਕਿਸੇ ਵੀ ਗਰੁੱਪ ਦਾ ਨਾਂ ਨਾ ਲਿਖਿਆ ਜਾਵੇ। ਅਖੰਡ ਕੀਰਤਨੀ ਜੱਥੇ ਨਾਲ ਸਬੰਧਤ ਸਾਰੇ ਸ਼ਹਿਰਾਂ ਦੀਆਂ ਸੰਗਤਾਂ ਪ੍ਰਤੀ ਬੇਨਤੀ ਹੈ ਕਿ ਇਸ ਤਰਾਂ ਦੇ ਹੋਣ ਵਾਲੇ ਸਾਰੇ ਸਮਾਗਮਾਂ ਵਿਚ, ਸਥਾਨਕ ਸੰਗਤਾਂ ਨੂੰ ਭਰਪੂਰ ਸਹਿਯੋਗ ਦੇ ਕੇ ਗੁਰੂ ਮਹਾਰਾਜ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।

(ਪੋਹ ਸੁਦੀ ਸਪਤਮੀ ਦੇ ਲੁਧਿਆਣਾ ਸਮਾਗਮ ਦੀ ਸਮਾਪਤੀ ਤੇ ਸੰਗਤ ਵੱਲੋਂ ਪਾਸ ਕੀਤੇ ਮਤੇ ਅਤੇ ਹੋਰ ਸੰਗਤਾਂ ਵੱਲੋ ਭੇਜੇ ਸੁਨੇਹਿਆਂ ਤੇ ਅਧਾਰਤ।)

## ਕਵਿਤਾਵਾਂ

## ਰਾਤ ਹਨੇਰੀ ਹੈ

(ਤੇਗ ਬਹਾਦਰ ਸਿੰਘ ਤੇਗ)

ਕੋਈ ਜੁਗਨੂੰ ਫੜ ਲਿਆਉ ਰਾਤ ਹਨੇਰੀ ਹੈ।
ਕੋਈ ਨਾਮੁ ਦਾ ਦੀਪ ਜਗਾਉ ਰਾਤ ਹਨੇਰੀ ਹੈ।

ਤਿਨ ਸੌ ਸਾਲਾ ਜਨਮ ਦਿਨ ਖਾਲਸੇ ਦਾ ਆ ਰਿਹੈ।
ਜੀਵਨ ਹਨੇਰਾ ਜਗਮਗਾਉ ਰਾਤ ਹਨੇਰੀ ਹੈ।

ਤਾਂਡਵ ਨਾਚ ਨੱਚਣ ਦਾ ਵੇਲਾ ਨਹੀਂ ਹੈ 'ਤੇਗ',
ਆਤਸ਼ ਬਾਜ਼ੀ ਖ਼ੂਬ ਚਲਾਉ ਰਾਤ ਹਨੇਰੀ ਹੈ।

ਲੀਡਰ ਆਪੋ ਵਿਚੀਂ ਕਿਰਚਾਂ ਧੂਹੀਂ ਫਿਰਦੇ,
ਇਨ੍ਹਾਂ ਨੂੰ ਸਮਝਾਉ ਰਾਤ ਹਨੇਰੀ ਹੈ।

ਸਾਰੀ ਕੌਮ ਨੂੰ ਆਦਰਸ਼ਕ ਸਿੰਘ ਸਜਾਉ,
ਵਿਰਸਾ ਸਾਂਝੋਂ ਨਾ ਗੁਆਉ ਰਾਤ ਹਨੇਰੀ ਹੈ।

ਨਸ਼ਿਆਂ ਦੀ ਆਦਤ ਤੋਂ ਨਵੇਂ ਪੋਜ਼ ਨੂੰ, ਵਰਜੋ,
ਅੰਮ੍ਰਿਤ ਇਨ੍ਹਾਂ ਤਾਈ ਛਕਾਉ ਰਾਤ ਹਨੇਰੀ ਹੈ।

੧ਓ ਤੋਂ ਲੈਕੇ ਗੁਰਪ੍ਰਸਾਦਿ ਤੀਕਰ ਮੂਲ ਮੰਤਰ,
ਸਾਰਿਆਂ ਨੂੰ ਦ੍ਰਿੜ ਕਰਵਾਉ ਰਾਤ ਹਨੇਰੀ ਹੈ।

ਆਪ ਜਪੋ 'ਤੇਗ' ਹੋਰਾਂ ਨੂੰ ਨਾਮ ਜਪਾਉ,
ਹੁਣ ਵੇਲਾ ਨਾ ਖੁੰਝਾਉ ਰਾਤ ਹਨੇਰੀ ਹੈ।

## ਕੌਮੀ ਦੌਲਤ

ਸੁਣ ਹੋ ਲੋਕਾਂ । ਸੁਣ ਹੋ ਭਾਈ
ਅਸਾਂ ਮਨਾਈ ਰੈਣ ਸਬਾਈ।
ਹਰਿ ਜਸ ਸੁਣਦੇ ਹਰਿ ਜਸ ਕਰਦੇ।
ਸਾਰੀ ਰਾਤ ਅਸਾਂ ਲੰਘਾਈ।
ਤਿੰਨ ਸੌ ਸਾਲਾ ਜਨਮ ਸ਼ਤਾਬਦੀ,
ਅਸਾਂ ਰੱਜ ਰੱਜ ਖ਼ੂਬ ਮਨਾਈ।
ਧੰਨ ਗੁਰੂ ਧੰਨ ਪੰਜ ਪਿਆਰੇ,
ਗੁਰ ਗੁਰ ਕਰਦਿਆਂ ਘੂਕਰ ਪਾਈ।
ਅੰਮ੍ਰਿਤ ਵੰਡਦੇ ਜ਼ਰਾ ਨ ਸੰਗਦੇ,
ਹਰਿ ਕੀਰਤਨ ਵਿਚ ਸੁਰਤ ਟਿਕਾਈ।
ਨਵੀਂ ਪਨੀਰੀ ਸਾਡੇ ਬੱਚੇ
ਕੌਮੀ ਦੌਲਤ ਨਾਲ ਰਲਾਈ।
ਅੰਮ੍ਰਿਤ ਧਾਰੀ ਹੋ ਜਾਓ ਸਾਰੇ,
ਗੁਰਸਿੱਖੀ ਨੇ ਧਾਂਕ ਬਿਠਾਈ
ਸਾਡੇ ਲੀਡਰ ਘਟੀਆਂ ਬੰਦੇ,
ਆਪੋਂ ਵਿਚੀਂ ਕਰਨ ਲੜਾਈ।
ਸੰਤ ਸਿਪਾਹੀ ਸਿੰਘ ਗੁਰੂ ਦੇ,
ਮੀਰੀ ਪੀਰੀ ਜਿਨ, ਅਪਣਾਈ
ਨਾ ਇਹ ਡਰਦੇ ਨਾ ਡਰਾਉਂਦੇ,
ਕੀਤੀ ਇਨ੍ਹਾਂ ਕੈਡ ਕਮਾਈ।
ਨਵੀਂ ਬੀਮਾਰੀ ਪਈ ਪੰਥ ਨੂੰ,
ਮਾਇਆ ਚੌਧਰ ਅੱਗ ਭੜਕਾਈ।
'ਤੇਗ' ਕਾਮ ਧੇਨ ਹੈ ਇਹੁ ਮਾਰਗ,
ਰਲ ਮਿਲ ਕਰੀਏ ਆਉ ਅਸ਼ਨਾਈ।


www.AKJ.Org

# ਗੁਰਮਤਿ ਅਧਿਆਤਮ ਕਰਮ ਫ਼ਿਲਾਸਫ਼ੀ-੧੦

(ਗੁਰਪੁਰਵਾਸੀ ਭਾ: ਸਾ: ਭਾ: ਰਣਧੀਰ ਸਿੰਘ ਜੀ)

(ਲੜੀ ਜੋੜਨ ਲਈ ਦੇਖੋ ਸੂਰਾ ਅਪ੍ਰੈਲ ੯੯)

## ੨੦-ਬੰਧਨ ਬਿਆਪਤ ਕਰਮ

ਬਿਆਪਤ ਹਰਖ ਸੋਗ ਬਿਸਥਾਰ॥ ਬਿਆਪਤ ਸੁਰਗ ਨਰਕ ਅਵਤਾਰ॥
ਬਿਆਪਤ ਧਨ ਨਿਰਧਨ ਪੇਖਿ ਸੋਭਾ॥ ਮੂਲ ਬਿਆਧੀ ਬਿਆਪਸਿ ਲੋਭਾ॥੧॥
ਮਾਇਆ ਬਿਆਪਤ ਬਹੁ ਪਰਕਾਰੀ॥ ਸੰਤ ਜੀਵਹਿ ਪ੍ਰਭ ਓਟ ਤੁਮਾਰੀ॥੧॥ ਰਹਾਉ॥
ਬਿਆਪਤ ਅਹੰਬੁਧਿ ਕਾ ਮਾਤਾ॥ ਬਿਆਪਤ ਪੁਤ੍ਰ ਕਲਤ੍ਰ ਸੰਗਿ ਰਾਤਾ॥
ਬਿਆਪਤ ਹਸਤਿ ਘੋੜੇ ਅਰੁ ਬਸਤਾ॥ ਬਿਆਪਤ ਰੂਪ ਜੋਬਨ ਮਦ ਮਸਤਾ॥੨॥
ਬਿਆਪਤ ਭੂਮਿ ਰੰਕ ਅਰੁ ਰੰਗਾ॥ ਬਿਆਪਤ ਗੀਤ ਨਾਦ ਸੁਣਿ ਸੰਗਾ॥
ਬਿਆਪਤ ਸੇਜ ਮਹਲ ਸੀਗਾਰ॥ ਪੰਚ ਦੂਤ ਬਿਆਪਤ ਅੰਧਿਆਰ॥੩॥
ਬਿਆਪਤ ਕਰਮ ਕਰੈ ਹਉ ਫਾਸਾ॥ ਬਿਆਪਤਿ ਗਿਰਸਤ ਬਿਆਪਤ ਉਦਾਸਾ॥
ਆਚਾਰ ਬਿਉਹਾਰ ਬਿਆਪਤ ਇਹ ਜਾਤਿ॥ ਸਭ ਕਿਛੁ ਬਿਆਪਤ ਬਿਨੁ ਹਰਿ ਰੰਗ ਰਾਤ॥੪॥
ਸੰਤਨ ਕੇ ਬੰਧਨ ਕਾਟੇ ਹਰਿ ਰਾਇ॥ ਤਾ ਕਉ ਕਹਾ ਬਿਆਪੈ ਮਾਇ॥
ਕਹੁ ਨਾਨਕ ਜਿਨਿ ਧੂਰਿ ਸੰਤ ਪਾਈ॥ ਤਾ ਕੈ ਨਿਕਟਿ ਨ ਆਵੈ ਮਾਈ॥੫॥੧੯॥੮੮॥
(ਗਉੜੀ ਗੁਆਰੇਰੀ ਮ: ੫। ਪੰਨਾ ੧੮੧-੮੨)

ਮਾਇਆ, ਹਉਮੈ ਬੰਧਨੀ ਹੋ ਕੇ, ਹਉਮੈ ਬੰਧਨ ਰੂਪ ਹੋ ਕੇ ਸਾਰੇ ਹੀ ਆਨਮਤ ਮਨਮਤ ਮਨਮੁਖੀ ਕਰਮਾਂ ਅੰਦਰਿ ਅਤੇ ਮਨਮੁਖੀ, ਮਨਮਤੀ ਆਨਮਤੀ ਕਰਮ ਕਰਨਹਾਰਿਆਂ ਅੰਦਰਿ ਬਿਆਪ ਰਹੀ ਹੈ। ਜਿਤਨੇ ਭੀ ਇਹ ਕਰਮ ਕੀਤੇ ਜਾਂਦੇ ਹਨ (ਕੀ ਆਨਮਤੀ ਕਰਮ, ਕੀ ਮਨਮਤੀ ਕਰਮ ਤੇ ਕੀ ਮਨਮੁਖੀ ਕਰਮ) ਸਭ ਹਉਮੈ ਬਿਆਪਤ ਕਰਮ ਹਨ। ਸਭ ਹਉਮੈ ਬੰਧਨ ਕਰਮ ਹਨ। ਮਾਇਆ ਮਤਿ ਬੰਧਨੀ ਹਉਮੈ ਕਰਮ ਹਨ, ਕਿਉਂਕਿ ਸਾਰੇ ਹੀ ਹਉਮੈ ਮਤੜੀ ਦੇ ਮਾਇਆ ਮਤੜੇ ਕਰਮ ਏਸ ਬੰਧਨਾ ਵਿਚਿ ਬੱਧੇ ਹੋਏ ਹੀ ਕੀਤੇ ਜਾਂਦੇ ਹਨ।

ਵਿਆਖਿਆ- ਜੋ ਕਰਮ ਹਰਖ ਸੋਗ ਵਿਚਿ ਲਿਪਾਇਮਾਨ ਹੋ ਕੇ ਕੀਤੇ ਜਾਣ ਅਤੇ ਜਿਨ੍ਹਾਂ ਕਰਮਾ ਦਾ ਨਤੀਜਾ ਭੀ ਅੰਤ ਹਰਖ ਸੋਖ ਹਨ ਉਪਜਣਾ ਹੁੰਦਾ ਹੈ ਉਹਨਾਂ ਕਰਮਾਂ ਵਿਚਿ ਭੀ ਸਮਝੋ, ਹਉਮੈ ਬੰਧਨੀ ਮਾਇਆ ਹੀ ਬਿਆਪ ਰਹੀ ਹੈ। ਜੋ ਜੋ ਕਰਮ ਆਨਮਤੀ ਅਹੰਮੇਵੀ ਲੋਗ ਸੁਰਗਾਂ ਬਹਿਸ਼ਤਾਂ ਦੀ ਬਾਂਛਾ ਹਿਤ ਕਰਦੇ ਹਨ ਉਹ ਭੀ ਨਿਰੇ ਹੀ ਹਉਮੈ ਬੰਧਨੀ ਮਾਇਆ ਬਿਆਪਤੀ ਕਰਮ ਹਨ। ਜਿਨ੍ਹਾਂ ਕਰਕੇ ਕਦੇ ਉਹਨਾਂ ਨੂੰ ਸੁਰਗ ਵਿਚ ਜਾਣਾ ਪੈਂਦਾ ਹੈ। ਫੇਰ ਸੁਰਗ ਭੁਗਤਣੀ ਮਿਆਦ ਮੁਕ ਜਾਂਦੀ ਹੈ। ਮੁੜਿ ਉਹਨਾਂ ਨੂੰ ਨਰਕ ਅਵਤਾਰੀ ਬਣਨਾ ਪੈਂਦਾ ਹੈ।

ਜੋ ਕਰਮ ਧਨ ਦੀ ਖ਼ਾਤਰ, ਨਿਰੋਲ ਧਨ ਇੱਕਤਰਤਾ ਦੀ ਖ਼ਾਤਰ ਕੀਤੇ ਜਾਂਦੇ ਹਨ, ਉਹ ਤਾਂ ਹੈਨ ਹੀ ਨਿਰੇ ਬੰਧਨੀ ਮਾਇਆ ਬਿਆਪਤ ਕਰਮ। ਨਿਰਧਨ ਪੁਰਸ਼ ਭੀ ਜੋ ਕਰਮ ਕਮਾਉਂਦਾ ਹੈ (ਕਮਾਉਂਦਾ) ਤਾਂ ਹੈ ਧਨੀ ਬਣਨ ਲਈ ਪਰ ਕਹਾਉਂਦਾ ਹੈ ਆਪਣੇ ਆਪ ਨੂੰ ਨਿਰਧਨ ਕੰਗਾਲ ਗਰੀਬ ਹੀ) ਉਸ ਦਾ ਇਹ ਕਰਮ ਭੀ ਹਉਮੈ ਬੰਧਨੀ ਮਾਇਆ ਬਿਆਪਤ ਕਰਮ ਹੈ। ਕਿਉਂਕਿ ਦਿਲੋਂ ਗਰੀਬੀ ਨਹੀਂ ਆਉਂਦੀ, ਉਪਰੋਂ ਗਰੀਬ ਸਦਾਉਂਦੇ ਹਨ। ਅੰਦਰੋਂ ਆਕੜਫੂੰ ਕਹਾਉਂਦੇ ਹਨ। ਅਸਲ ਗਰੀਬ ਤਤ ਗਰੀਬਤਾ ਨਾਮ ਵਿਚਿ ਰਤਿਆਂ ਹੀ ਆਉਂਦੀ ਹੈ। ਨਿਰਧਨ ਬਣਿਆਂ ਨਿਰਧਨ ਹੋਇਆ ਨਹੀਂ ਆਉਂਦੀ। ਜੇਹੜੇ ਮਨਮੁਖ ਅਗਿਆਨੀ ਪੁਰਸ਼ ਸਿਰਫ਼ ਦੁਨੀਆਵੀ ਸੋਭਾ ਦੀ ਖ਼ਾਤਰ ਕਰਮ ਕਮਾਉਂਦੇ ਹਨ ਅਤੇ ਆਪਣੀ ਸ਼ੁਸਕ ਸੋਭਾ ਨੂੰ ਪੇਖਿ ਪੇਖਿ ਬਫਾਉਂਦੇ ਹਨ, ਉਹਨਾਂ ਉਪਰ ਹਉਮੈ ਬੰਧਨੀ ਮਾਇਆ ਹੀ ਬਿਆਪ ਰਹੀ ਹੈ। ਤਾਂਤੇ ਇਹ ਭੀ ਮਾਇਆ ਬਿਆਪਤ ਹਉਮੈ ਬੰਧਨੀ ਕਰਮ ਹੀ ਹੈ। ਜਿਹੜੇ ਕਰਮ ਲੋਭ ਦੇ ਅਧੀਨ ਹੋ ਕੇ ਕੀਤੇ ਜਾਂਦੇ ਹਨ, ਉਤ ਤਾਂ ਹਨ



www.AKJ.Org

ਹੀ ਨਿਰੇ ਪਾਪਾਂ ਦੀ ਉਪਾਧੀ ਮੂਲ ਬਿਆਧੀ ਵਾਲੇ ਕਰਮ। ਲੋਭ ਵਿਚਿ ਬਿਆਪ ਕੇ ਜੁ ਕੀਤੇ ਜਾਂਦੇ ਹਨ। ਲੋਭ ਸਾਰੇ ਪਾਪਾਂ ਦਾ ਸਾਰੀਆਂ ਬਿਆਧੀਆਂ ਦਾ ਮੂਲ ਹੈ। ਕੇਵਲ ਮਾਇਆ ਅਨੇਕ ਪ੍ਰਕਾਰ ਕਰਿ ਹਰੇਕ ਕਰਮਚਾਰੀ ਨੂੰ ਬਿਆਪਦੀ ਹੈ। ਕੇਵਲ ਗੁਰੂ ਘਰ ਦੇ ਗੁਰਮੁਖਾ ਸੰਤਾਂ ਸਚਿਆਰੇ ਸੁਜਾਗੇ ਸਾਵਧਾਨ ਸੇਵਕਾਂ ਸਿਖਾਂ ਨੂੰ ਨਹੀਂ ਵਿਆਪਦੀ। ਵਰਨਾ ਹਰੇਕ ਮਨਮਤ ਕਰਮ-ਕਾਂਡੀ ਮਨਮੁਖ ਮਨਮਤੀਏ ਨੂੰ ਬਿਆਪਦੀ ਹੈ। ਗੁਰੂ ਘਰ ਦੇ ਗੁਰਮੁਖ ਸੰਤ ਜਨ, ਭਗਤ ਜਨ ਸੇਵਕ ਸਿਖ ਜਨ ਤਾਂ ਬਚੇ ਰਹਿੰਦੇ ਹਨ ਕਿਉਂਕਿ ਉਨ੍ਹਾਂ ਨੂੰ ਨਾਮ ਦਾ ਹੀ ਆਧਾਰ ਹੁੰਦਾ ਹੈ। ਉਹ ਖਿਨ ਖਿਨ ਨਾਮ ਦੇ ਆਧਾਰ ਵਿਚਿ ਨਾਮ ਅਤੇ ਨਾਮ ਦੀ ਓਟ ਵਿਚਿ ਰਹਿੰਦੇ ਹਨ।

ਜੋ ਕਰਮ ਅਹੰ-ਮਮਤਾਵੀ ਲੋਗ ਨਿਰੀ ਅਹੰਬੁਧੀ ਵਿਚਿ ਮਤੇ ਹੋਏ ਹੀ ਕਰਦੇ ਹਨ, ਉਥੇ ਤਾਂ ਪ੍ਰਬਲ ਹੋ ਕੇ ਇਹ ਹਉਮੈ ਬੰਧਨੀ ਮਾਇਆ ਬਿਆਪਦੀ ਹੈ। ਬਸ ਹਉਮੈ ਵਿਚਿ ਹੀ ਬੁੰਦਲਾ ਲੈਂਦਾ ਹੈ। ਹਉਮੈ ਵਿਚ ਉਹ ਲੋਗ ਕਮਲੇ ਹੋ ਜਾਂਦੇ ਹਨ। ਅਤੇ ਸਾਰੀ ਉਮਰ ਕਮਲੇ ਹੀ ਹੋਏ ਰਹਿੰਦੇ ਹਨ। ਕਈ ਐਸੇ ਕਰਮ ਹਨ ਜਿਨ੍ਹਾ ਵਿਚ ਸੂਖਮ ਤੌਰ ਤੇ ਹਉਮੈ ਬੰਧਨੀ ਮਾਇਆ ਬਿਆਪੀ ਹੋਈ ਹੁੰਦੀ ਹੈ। ਤਿਨ੍ਹਾਂ ਕਰਮਾਂ ਦਾ ਸੂਖਮ ਹੰਕਾਰ ਬੇਮਲੂਮਾ ਹੀ ਉਹਨਾਂ ਨੂੰ ਚਿੰਮੜਿਆ ਰਹਿੰਦਾ ਹੈ। ਇਹ ਸੂਖਮ ਹਉਮੈ (ਅਹੰਗਤਾ) ਵਾਲਾ ਰੋਗ ਬੜਾ ਹੀ ਅਸਾਧ ਹੈ। ਇਹ ਬੜੇ ਬੜੇ ਕਰਮ ਸੁਕਰਮੀ ਨੇਤਾਵਾ ਨੂੰ ਚਿੰਮੜਿਆ ਹੋਇਆ ਹੈ, ਐਸਾ ਚਿੰਮੜਿਆ ਹੋਇਆ ਹੈ ਕਿ ਕਦੇ ਛਡਦਾ ਹੀ ਨਹੀਂ। ਘੁਣ ਵਾਂਗੂੰ ਅੰਦਰੋ-ਅੰਦਰੀ ਉਹਨਾ ਨੂੰ ਖਾ ਰਿਹਾ ਹੈ "ਅਹੰਬੁਧ ਕਾ ਮਾਤਾ" ਸਭ ਤੋਂ ਬਹੁਤਾ ਮਾਇਆ ਮਮਤਾ ਬਿਆਪਹਾਰੀ ਕਰਮ ਕਰਨਹਾਰਾ ਹੈ। ਉਸ ਦੇ ਨਾਲਿ ਲਗਵੇਂ ਹੀ "ਬਿਆਪਤ ਪੁਤ੍ਰ ਕਲਤ੍ਰ ਸੰਗਿ ਰਾਤਾ"* ਵਾਲੀ ਅਹੰ-ਮਮਤਾ ਵਾਲੇ ਕਰਮ ਹਨ। ਉਹ ਪੁੱਤਰ ਕਲੱਤ੍ਰ ਦੀ ਮੋਹ-ਮਮਤਾ ਨਾਲਿ ਰਤੇ ਹੋਏ ਉਹੀ ਕਰਮ ਕਰਦੇ ਹਨ ਜੋ ਉਹਨਾਂ ਨੂੰ ਇਸਤ੍ਰੀ ਪੁੱਤਰ ਕੁਟੰਬ ਦੇ ਮੋਹ ਵਿਚਿ ਹੋਰ ਭੀ ਜਕੜ ਲੈਂਦੇ ਹਨ। ਅਤੇ ਸਦਾ ਹੀ ਜਕੜ ਬੰਧਨੀ ਹੋ ਕੇ ਉਹਨਾਂ ਦੀ ਮੱਤ ਬੁਧ ਉਤੇ ਛਾਏ (ਬਿਆਪੇ ਹੋਏ) ਹੀ ਰਹਿੰਦੇ ਹਨ। ਜੋ ਲੋਗ ਹਾਥੀ ਘੋੜੇ ਆਦਿਕ ਐਸ਼੍ਵਰਜੀ ਵਸਤੂਆਂ ਪਦਾਰਥਾਂ ਨਮਿਤ ਕਰਮ ਕਰਦੇ ਹਨ ਉਹ ਪੁਜ ਕੇ ਹਉਮੈ ਜਕੜ ਬੰਦੀ ਮਾਇਆ ਮਕੜਮੰਦੀ ਬਿਆਪਤੰਦੀ ਕਰਮ ਹਨ। ਕਿਸੇ ਨੂੰ ਰੂਪ ਦਾ ਮਦ ਹੋ ਕੇ ਜੁਆਨੀ ਦੀ ਮਸਤੀ ਚੜ੍ਹੀ ਹੋਈ ਹੈ ਅਤੇ ਏਸੇ ਰੂਪ ਜੁਆਨੀ ਦੀ ਮਦ ਮਸਤੀ ਵਿਚਿ ਅੱਟੇ ਪੱਟੇ ਹੋਏ ਜੋ ਜੋ ਕਰਮ ਉਹ ਕਰਦੇ ਹਨ, ਸਭ ਹੀ ਬੰਧਨ ਬੰਧਨੀ ਬਿਆਪਤ ਕਰਮ ਹਨ। ਨਾਮ-ਹੀਣੇ ਭੂਮੀਆਂ ਭੂਮ-ਹੀਣੇ ਰੰਕਾਂ ਕੰਗਾਲਾਂ ਅਤੇ ਐਸ਼-ਇਸ਼ਤਰੀ ਰੰਗਾਂ ਤਮਾਸ਼ਿਆ ਵਿਚਿ ਮਸਤ ਗ਼ਰਕ ਹੋਏ ਫ਼ੈਸ਼ਨ-ਰੰਗੀਆਂ ਅੰਦਰਿ ਭੀ ਹਉਮੈ ਬੰਧਨੀ ਹੋ ਕੇ ਇਹ ਮਾਇਆ ਬਹੁਤੀ ਹੀ ਬਹੁ ਰੰਗੀ ਮਾਇਆ ਬਹੁਤੀ ਹੀ ਬਹੁ ਭਾਂਤਿ ਕਰਿ ਵਿਆਪ ਰਹੀ ਹੈ। ਕਚ ਪਿਚੇ ਗੰਦੇ ਗੀਤਾ ਰਾਗਾ ਨੂੰ ਕੁਸੰਗ-ਮੰਡਲੀਆਂ ਦੇ ਕੁਸੰਗ ਵਿਚਿ ਜਾ ਕੇ ਸੁਣਨ-ਹਾਰਿਆਂ ਨੂੰ ਇਹ ਬਹੁ-ਰੰਗੀ ਮਾਇਆ ਬਹੁਤੇ ਹੀ ਅਹੰ-ਮਮਤਾ ਦੇ ਜਕੜ ਪੈਖੜੇ ਪਾਉਂਦੀ ਹੈ, ਪਰਮਾਰਥ ਵਲ ਉਭਰਨ ਹੀ ਨਹੀਂ ਦਿੰਦੀ। ਨਾਚ ਰੰਗੀ ਮੰਦੇ ਗੀਤ ਰਾਗ ਗਾਵਣੇ ਨੀਚ ਕਰਮ ਕਰਨਹਾਰਿਆਂ ਨੂੰ ਇਹ ਬਹੁ-ਰੰਗੀ ਮਾਇਆ ਬੜੇ ਭਿਆਨਕ ਬੰਧਨਾਂ ਵਿਚਿ ਪਾ ਕੇ ਜਕੜ ਰਗੜ ਰਹੀ ਹੈ। ਗੀਤ ਰਾਗ ਕੁਸੰਗਾਂ ਦੇ ਫਟੇ ਹੋਏ ਬੜੇ ਬੜੇ ਹੋਣਹਾਰ ਨੌਜਵਾਨ ਅਜ ਤਾਈਂ ਤਾਬ ਨਹੀਂ ਆਏ। ਅਨੇਕਾਂ ਅਜਿਹੇ ਕੁਸੰਗੀ ਸਿਨਮਿਆਂ ਥੀਏਟਰਾਂ ਦੇ ਐਕਟਰ ਬਣ ਗਏ। ਆਪਣੇ ਖਾਨ ਪਾਨ ਅਚਾਰ ਬਿਉਹਾਰ ਨੂੰ ਉਕਾ ਹੀ ਬਰਬਾਦ ਕਰ ਗਏ। ਅਜਿਹੇ ਹਉਮੈ ਪਰਵਿਰਤਨੀ ਕਰਮਾਂ ਨੂੰ ਗੁਰਮਤਿ ਅੰਦਰਿ ਬਿਬਰਜਤ ਗਰਦਾਨਿਆ ਗਿਆ ਹੈ। ਰਸੀਏ ਪੁਰਸ਼ਾ ਨੂੰ ਬਹੁਤੀਆਂ ਇਸਤ੍ਰੀਆਂ ਦੇ ਮੌਜ-ਮੇਲੇ ਦੇ ਕੁਸੰਗ ਵਿਚ ਪਾ ਕੇ, ਇਹ ਰਸਾਤਲ ਨੂੰ ਲੈ ਜਾਣ-ਹਾਰੀ ਹੋ ਕੇ ਬਿਆਪ ਰਹੀ ਹੈ। ਮਹਲ ਮਾੜੀਆਂ ਉਸਾਰਨ-ਹਾਰਿਆਂ ਨੂੰ ਸਭ ਤੋਂ ਵਧ ਕੇ ਬਿਆਪੀ ਹੋਈ ਹੈ। ਇਕ ਪਾਸੇ ਤਾ ਪਰਤੱਖ ਅੱਖਾਂ ਨਾਲ ਦੇਖ ਰਹੇ ਹਨ ਕਿ ਪਿਛਲੇ ਪੱਕੇ ਮਹਲ ਕਿਲੇ ਸੀਮਿੰਟ ਤੇ ਗਹਿਰੀਆਂ ਨੀਂਹਾਂ ਵਾਲੇ ਉਜਾੜੇ ਜਾ ਰਹੇ ਹਨ। ਦੂਜੇ ਪਾਸੇ ਇਹ ਅਗਿਆਨੀ ਅਹੰ-ਮਤਵੀ ਪੁਰਸ਼ ਦਬਾ ਦਬ ਆਪਣੇ ਨਵੇਂ ਮਹਲ ਮੰਦਰ ਬਗੀਚੇ ਬਣਾ ਉਸਾਰ ਰਹੇ ਹਨ ਅਤੇ ਕਈ ਹਾਰ ਸ਼ੀਂਗਾਰ ਰਸਕ ਬਾਣਿਆ ਪੋਸ਼ਾਕਾਂ ਸੂਟਾਂ ਨੂੰ ਬਣਵਾ ਬਣਵਾ ਕੇ ਪਹਿਨਣ ਵਿਚਿ ਮਤੂਨ-ਮਫ਼ਤੂਨ (ਗ਼ਲਤਾਨ) ਹੋ ਰਹੇ ਹਨ। ਇਹ ਸਭ ਕੁਕਰਮ ਕਰਤਬ ਪਰਮਾਰਥ ਨੂੰ ਪਿੰਨ


www.AKJ.Org

ਦੇਣਹਾਰੇ ਅਤੇ ਪਰਮਾਤਮਾ ਤੋਂ ਵਿਛੋੜਨ-ਹਾਰੇ ਹਨ। ਸਾਰਾ ਅੰਧ-ਅਗਿਆਨੀ ਸੰਸਾਰ ਪੰਜ ਦੂਤਾ ਦੇ ਵਸਿ ਹੋ ਕੇ ਜੋ ਜੋ ਕਰਮ ਕਰਿ ਰਿਹਾ ਹੈ ਸੋ ਸੋ ਬੰਧਨ ਬਿਆਪਤੀ ਹਉਮੈ ਬੰਧਨੀ ਕਰਮ ਹੈ। ਜੋ ਨਰਕਾ ਵਿਚਿ ਹੀ ਬੰਨ੍ਹ ਕੇ ਲੇਜਾ ਸੁਟੇਗਾ, ਇਨ੍ਹਾਂ ਪੰਜ-ਦੂਤ-ਗ੍ਰਸਤੀ ਕੁਕਰਮ ਕਰਨਹਾਰਿਆਂ ਨੂੰ। ਗੱਲ ਕੀ ਸਾਰਾ ਸੰਸਾਰ ਹਉਮੈ ਦਾ ਫਾਥਾ ਹੋਇਆ (ਫਾਸਿਆ ਹੋਇਆ) ਮਾਇਆ ਬਿਆਪਤ ਕਰਮ ਕਰਿ ਰਿਹਾ ਹੈ। ਜਿਨ੍ਹਾਂ ਕਰਮਾ ਦੇ ਕਰਨ ਕਰ ਕੇ ਜਮ ਦੀ ਫਾਸ ਉਨ੍ਹਾਂ ਦੇ ਗਲਿ ਪਵੇਗੀ। ਜੋ ਗ੍ਰਿਸਤੀ ਹਨ ਉਹ ਭੀ ਗ੍ਰਿਸਤ ਮੋਹ-ਬੰਧਨੀ ਕਰਮ ਕਰਨ ਕਰਿ ਹਉਮੈ ਮਮਤਾ ਵਿਚਿ ਹੀ ਜਕੜੇ ਹੋਏ ਹਨ। ਇਹਨਾਂ ਨੂੰ ਭੀ ਮਾਇਆ ਬਿਆਪ ਰਹੀ ਹੈ ਤੇ ਬੁਰੀ ਤਰ੍ਹਾਂ ਬਿਆਪ ਰਹੀ ਹੈ। ਜੋ ਹਉਮੈ ਮਤਸਰੀਏ ਗ੍ਰਿਸਤ ਤੋਂ ਉਪ੍ਰਾਮ (ਉਦਾਸ) ਹੋ ਕੇ ਇਕ ਪ੍ਰਕਾਰ ਮਾਇਆਵੀ ਗ੍ਰਿਸਤ ਦੇ ਤਿਆਗੀ ਹੋ ਜਾਂਦੇ ਹਨ ਉਹਨਾਂ ਉਤੇ ਹੋਰ ਹੋਰ ਰੂਪਾਂ ਵਿਚਿ ਇਹ ਬੰਧਨ ਬੰਧਨੀ ਮਾਇਆ ਬਹੁ ਪ੍ਰਕਾਰ ਕਰਿ ਬਿਆਪ ਰਹੀ ਹੈ। ਇਸ ਤੋਂ ਸੁਕਾ ਕੋਈ ਨਹੀਂ ਰਹਿ ਸਕਦਾ, ਚਾਹੇ ਆਨਮਤਿ ਕਰਮੀ ਹੋਵੇ, ਚਾਹੇ ਮਨਮਤ ਕਰਮ ਕਰਨਹਾਰਾ ਹੋਵੇ। ਬਹੁਤਿਆਂ ਆਚਾਰ ਕਰਨੀ ਕਰਨਹਾਰਿਆਂ ਉਚ ਵਡਿਆਈ ਦੇ ਕਾਰਜ ਬਿਹਾਰਾਂ ਵਾਲਿਆਂ ਨੂੰ ਅਤੇ ਜਾਤਿ ਜਨਮ ਦੇ ਅਭਿਮਾਨੀਆਂ ਨੂੰ ਤਾਂ ਇਹ ਆਪਣਾ ਖਾਜਾ ਬਣਾ ਕੇ ਗ੍ਰਸਦੀ ਹੈ। ਬਿਨਾਂ ਹਰਿ ਰੰਗ ਰਤਿਆਂ ਇਹ ਡਾਇਣ ਮੋਹ ਮਮਤਾਇਣ ਮਾਇਆ ਸਾਰਿਆਂ ਹੀ ਕਰਮ-ਚਾਰੀਆਂ ਤੇ ਬਿਆਪ ਖਿਆਪ ਰਹੀ ਹੈ। ਸਭ ਕਿਛ ਅਤੇ ਸਭ ਕੋਈ ਇਸ ਮਾਇਆ ਬਿਆਪਤੀ ਬਿਪਤਾ ਦਾ ਬੰਧਿਆ ਹੋਇਆ ਹੈ। ਇਕ ਉਹੀ ਇਸ ਤੋਂ, ਇਸ ਦੀ ਬੰਧਨਾ ਤੋਂ ਛੁਟੇ ਹੋਏ ਹਨ ਜੋ ਨਾਮ ਦੇ ਰੰਗਾਂ ਵਿਚਿ ਰਤੇ ਹੋਏ ਹਨ। ਆਪਣੇ ਰੰਗ ਰਤੜੇ ਸੰਤਾਂ ਭਗਤਾਂ ਦੇ ਬੰਧਨ ਗੁਰੂ ਕਰਤਾਰ ਨੇ ਆਪਿ ਹੀ ਆਪਣੀ ਦਇਆ-ਦ੍ਰਿਸ਼ਟੀ ਦੁਆਰਾ ਤੋੜ ਛਡੇ ਹਨ। ਉਹਨਾਂ ਨੂੰ ਇਹ ਕਿਥੇ ਬਿਆਪ ਸਕਦੀ ਹੈ? ਉਕੀ ਬਿਆਪਦੀ ਹੀ ਨਹੀਂ ਇਹ ਮਾਇਆ। ਸ੍ਰੀ ਗੁਰੂ ਨਾਨਕ ਸਾਹਿਬ ਫ਼ੁਰਮਾਉਂਦੇ ਹਨ ਕਿ ਜਿਨ੍ਹਾਂ ਵਡਭਾਗੀ ਜਨਾਂ ਨੇ ਸੰਤ ਗੁਰੂ ਦੀ ਧੂਰ ਪਾਈ ਹੈ ਅਤੇ ਪਾ ਕੇ ਬਾਂਛੀ ਹੈ ਉਹਨਾਂ ਨੂੰ ਇਹ ਛਲ ਰੂਪੀ ਮਾਈ ਮਾਇਆ ਕਦੇ ਨਹੀਂ ਬਿਆਪਦੀ। ਸੰਤ ਧੂਰੀ ਦਾ ਇਸ਼ਾਰਾ ਇਥੇ ਸਿਰੀ ਗੁਰੂ ਅਰਜਨ ਸਾਹਿਬ ਦਾ ਸਿਰੀ ਗੁਰੂ ਰਾਮਦਾਸ ਗੁਰਸੰਤ ਵਲ ਹੈ। ਸੱਚ ਮੁੱਚ ਗੁਰੂ ਨਾਨਕ ਦੇ ਦਸ ਜਾਮਿਆਂ ਵਿਚ ਅਰਥਾਤ ਦਸਾਂ ਗੁਰੂ ਜਾਮਿਆ ਦੀ ਸੰਤ ਧੂੜੀ ਕੀਮੀਆਈ ਪਾਰਸ ਸਦਰਸ ਹੈ, ਜਿਸ ਨੂੰ ਪਰਸਦਿਆਂ ਹੀ ਪਾਰਸ ਕਲਾ ਵਰਤ ਜਾਂਦੀ ਹੈ। ਕਚਹੁ ਕੰਚਨ ਕਰਨਹਾਰੀ ਤੇ ਲੋਹਿਓਂ ਲਾਲ ਕਰਨਹਾਰੀ ਇਹ ਪਾਰਸ ਕੀਮੀਆਈ ਸੰਤ ਧੂੜੀ ਹੈ। ਪਰ ਗੁਰੂ ਸੰਤ ਦੀ।ਜਣੇ ਖਣੇ ਭੇਖੀ ਸੰਤ ਦੀ ਨਹੀਂ ਭੁਲੀ ਲੁਕਾਈ ਅਜਿਹੇ ਸੰਤ ਧੂਰੀ ਪ੍ਰਥਾਇ ਉਚਰੇ ਬਚਨਾਂ ਨੂੰ ਭੇਖੀ ਸੰਤਾਂ ਦੀ ਧੂਰੀ ਤੇ ਘਟਾ ਕੇ ਘਰ ਪੂਰਾ ਕਰਨ ਦੇ ਝਸ ਵਿਚਿ ਪੈ ਜਾਂਦੇ ਹਨ ਅਤੇ ਪਏ ਰੁੜ੍ਹੇ ਚਲੇ ਆਉਂਦੇ ਹਨ। ਪਰ ਘਰ ਉਹਨਾਂ ਦਾ ਪੂਰਾ ਨਹੀਂ ਹੁੰਦਾ। ਪੂਰਾ ਕਿਵੇਂ ਹੋਵੇ? ਪੂਰਨ ਸੰਤ ਗੁਰੂ ਮਿਲੇ ਤਾਂ ਪੂਰਾ ਹੋਵੇ। ਭੇਖੀ ਸੰਤਾਂ ਨੂੰ ਭੀ ਝਸ ਪਿਆ ਹੋਇਆ ਹੈ ਆਪਣੇ ਪੈਰਾਂ ਖੁਰੜਿਆਂ ਦੀ ਧੂੜੀ ਲੋਕਾਂ ਨੂੰ ਵਰਤਾਉਣ ਦਾ। ਪਰ ਉਹਨਾਂ ਨੂੰ ਪਤਾ ਨਹੀਂ ਕਿ ਅਗੇ ਜਾ ਕੇ ਜਮਾਂ ਦੀ ਮਾਰ ਉਹਨਾਂ ਤੇ ਪਏਗੀ ਅਤੇ ਐਥੇ ਜੋ ਦੁਰਗਤਿ ਉਨ੍ਹਾਂ ਦੀ ਹੋਣੀ ਹੈ ਸੋ ਹੋ ਕੇ ਰਹੇਗੀ। ਆਖਣ ਨੂੰ ਤਾਂ ਧੂੜ-ਧੁਸੀਏ ਅਤੇ ਸੰਤ ਧੂੜ-ਭੁਸੀਏ ਆਖਦੇ ਹਨ ਕਿ ਸੰਤਾਂ ਦੀ ਧੂੜ ਨਸੀਬ ਹੋਣੀ ਹੀ ਨਹੀਂ, ਤਾਂ ਸੰਤ ਧੂੜੀ ਪ੍ਰਥਾਇ ਗੁਰਵਾਕ ਕਿਵੇਂ ਸੰਪੂਰਨ ਹੋਣਗੇ। ਇਹਨਾਂ ਭੁਲਿਆਂ ਨੂੰ ਪਤਾ ਹੀ ਨਹੀਂ ਕਿ ਪੂਰਨ ਸੰਤ ਸਰੂਪ ਗੁਰੂ ਨਾਨਕ ਅਤੇ ਉਸਦੇ ਦਸੇ ਹੀ ਸਰੂਪ ਗੁਰੂ ਸੰਤ ਹਰ ਸਮੇਂ ਅਤੇ ਹਰ ਥਾਂ ਤੇ ਹਰ ਦੰਮ ਹਾਜ਼ਰ ਨਾਜ਼ਰ ਹਨ। ਸ਼ਰਧਾ-ਵੰਤਿਆਂ ਨੂੰ ਆਪਣਾ ਸਚਿਖੰਡ ਨਿਵਾਸ ਵਾਲਾ ਪਰਚੰਡੀ ਤੇ ਜ ਉਚੰਡੀ ਦਰਸ਼ਨ ਦਿੰਦੇ ਹਨ। ਦਰਸ਼ਨ ਹੀ ਨਹੀਂ ਦਿੰਦੇ, ਸਗੋਂ ਆਪਣੇ ਸ਼ਰਧਾਵੰਤਾਂ ਦੀ ਚਰਨ ਧੂੜੀ ਪਰਸਨ ਦੀ ਸ਼ਰਧਾ ਭੀ ਪੂਰੀ ਕਰਦੇ ਹਨ। ਅਨੇਕਾਂ ਗੁਰੂ ਘਰ ਦੇ ਸ਼ਰਧਾ-ਵੰਤਿਆਂ ਗੁਰਮੁਖ ਜਨਾਂ ਦੀ ਸ਼ਾਹਦੀ ਮਉਜੂਦ ਹੈ, ਜਿਨ੍ਹਾਂ ਨੇ ਪਰਤੱਖ ਦਰਸ਼ਨ ਪਰਸਨ ਕੀਤੇ ਅਤੇ ਦਰਸ਼ਨ ਪਰਸਨ ਹਰਸਨੀ ਗੁਰੂ ਸੰਤ ਜੋਤਿ ਜਾਮੇ ਦੇ ਜੋਤਿ-ਜਲਵਨੀ-ਚਰਨਾਂ ਤੇ ਲਿਟਣ ਦੀ ਮਉਜ ਮਾਣੀ ਅਤੇ ਮਾਣ ਰਹੇ ਹਨ। ਉਥੇ ਇਹ ਖਾਕੀ ਨਾਪਾਕੀ ਜਾਮੇ ਵਾਲੇ ਸੰਤਾਂ ਦੀ ਧੂੜੀ ਕੀ ਹੈਸੀਅਤ ਰਖਦੀ ਹੈ?


www.AKJ.Org

ਹਰਿ ਹਰਿ ਗੁਰ ਮਹਿ ਭਗਤਿ ਰਖਾਈ ॥ ਗੁਰੁ ਤੁਠਾ ਸਿਖ ਦੇਵੈ ਮੇਰੇ ਭਾਈ ॥੨॥
ਹਉਮੈ ਕਰਮ ਕਿਛੁ ਬਿਧਿ ਨਹੀ ਜਾਣੈ॥ ਜਿਉ ਕੁੰਚਰੁ ਨਾਇ ਖਾਕੁ ਸਿਰਿ ਛਾਣੈ ॥੩॥
ਜੇ ਵਡ ਭਾਗ ਹੋਵਹਿ ਵਡ ਊਚੇ ॥ ਨਾਨਕ ਨਾਮੁ ਜਪਹਿ ਸਚਿ ਸੂਚੇ ॥੪॥੭॥੫੯॥
(ਆਸਾ ਮ: ੪, ਪੰਨਾ ੩੬੭)

ਭਾਵ - ਹਰਿ ਹਰਿ ਗੁਰੁ ਗੁਰੁ ਦੇ ਸਿਮਰਨ ਜਾਪ, ਅਰਥਾਤ ਵਾਹਿਗੁਰੂ ਜਾਪ ਵਾਲੇ ਚੁਅਖਰੇ ਅਭਿਆਸ ਵਿਚਿ ਸਾਰਾ ਭਗਤੀ ਭਾਵ ਰਖਿਆ ਪਿਆ ਹੈ। ਪ੍ਰੰਤੂ ਸਤਿਗੁਰੂ ਦੀ ਸਿਖਿਆ ਦੀਖਿਆ ਦੁਆਰਾ ਇਹ ਜਾਪ ਅਭਿਆਸ ਮਿਲਦਾ ਹੈ। ਜਿਸ ਉਪਰਿ ਸਤਿਗੁਰੂ ਤੁੱਠੇ, ਦਇਆਲ ਹੋਵੇ ਆਪਣੇ ਆਪੇ। ਆਪਣੀ ਹਉਮੈ ਤੋਂ ਉਪਜੇ ਕਰਮ ਕਰਨ ਵਾਲਿਆਂ ਨੂੰ ਕਿਛੁ ਬਿਧੀ ਨਹੀਂ ਆਉਂਦੀ। ਆਪਣੇ ਆਪ ਨਾਮ ਜਾਪ ਅਭਿਆਸ ਦੀ ਸਾਰ ਉਹ ਕੀ ਜਾਨਣ? ਹਉਮੈ ਕਰਮ ਵਾਲਿਆ ਦੀਆਂ ਸਭ ਕਰਮ-ਬਿਧੀਆਂ ਐਵੇਂ ਅਜਾਈਂ ਜਾਂਦੀਆਂ ਹਨ। ਜਿਵੇਂ ਹਾਥੀ ਦਾ ਨ੍ਹਾਤਾ ਅਜਾਈਂ ਜਾਂਦਾ ਹੈ। ਉਹ ਨ੍ਹਾ ਕੇ ਫੇਰ ਸਿਰ ਵਿਚ ਖਾਕ ਪਾ ਲੈਂਦਾ ਹੈ। ਖੇਹ ਉਡਾਉਂਦਾ ਹੈ। ਏਸੇ ਤਰ੍ਹਾਂ ਹਉਮੈ ਕਰਮ ਕਰਨ ਵਾਲੇ ਖੇਹ ਉਡਾਉਂਦੇ ਫਿਰਦੇ ਹਨ। ਉਹਨਾਂ ਦੇ ਪੱਲੇ ਹਉਮੈ ਹੀ ਰਹਿ ਜਾਂਦੀ ਹੈ। ਹਉਮੈ ਦੇ ਅਧੀਨ ਹੋ ਕੇ ਕਰਮ ਕਰਨ ਪਰ ਓਹਨਾਂ ਨੂੰ ਹਉਮੈਂ ਦੇ ਬੰਧਨ ਸਗੋਂ ਹੋਰ ਪੈ ਜਾਂਦੇ ਹਨ। ਉਹ ਨਾਮ ਜਪਣ, ਗੁਰਮਤਿ ਨਾਮੁ ਆਰਾਧਨ ਵਲ ਧਿਆਨ ਹੀ ਨਹੀਂ ਦਿੰਦੇ। ਨਾ ਹੀ ਗੁਰੂ ਦੀ ਸਿਖਿਆ ਮੰਨਦੇ ਹਨ। ਆਪਣੀ ਮਨ-ਮੰਨੀ ਹੀ ਕਰਦੇ ਹਨ। ਜੇ ਉਹਨਾ ਦੇ ਵਡੇ ਭਾਗ ਹੋਣ, ਵਡੇ ਉਚੇ ਭਾਗ ਹੋਣ ਤਾ ਉਹ ਹਉਮੈ ਤੋਂ ਉਚੇ ਹੋ ਕੇ ਅਤੇ ਸੁਚੇ ਹੋ ਕੇ ਨਾਮ ਨੂੰ ਜਪਣ। ਪਰ ਐਵੇਂ ਕਿਵੇਂ ਜਪਣ, ਜਦ ਤਾਈਂ ਹਉਮੈ ਦੀ ਜੂਠ ਨਾਲਿ ਲਿਬੜੇ ਪਏ ਹਨ। ਇਹ ਲਬੇੜ ਤਾਹੀਂ ਮਿਟਦੀ ਹੈ ਜੇ ਸਤਿਗੁਰੂ ਸ਼ਰਣਾਈ ਆਵਣ ਅਤੇ ਗੁਰਦੀਖਿਆ ਸਿਖਿਆ ਗ੍ਰਹਿਣ ਕਰਨ। "ਗੁਰੁ ਤੁਠਾ ਸਿਖ ਦੇਵੈ" ਦੀ ਪੰਗਤੀ ਵਿਚਿ ਆਏ "ਸਿਖ" ਪਦ ਦਾ ਅਰਥ ਕਈ ਸ਼ਬਦਾਰਥੀਏ ਗਿਆਨੀ 'ਸਿਖ' ਵਿਚ 'ਖ' ਮੁਕਤਾ ਹੋਣ ਕਰਿ ਸਿਖ ਦਾ ਬਹੁ-ਵਚਨ ਸਿੱਖਾਂ ਦੇ ਕਰਦੇ। ਹਨ। ਪਰ ਉਹਨਾਂ ਨੂੰ ਪਤਾ ਨਹੀਂ ਕਿ ਸਿਖਿਆ ਦੇ ਅਰਥਾਂ ਦੇ ਵਿਚਿ ਭੀ 'ਸਿਖ' ਦਾ 'ਖਖਾ' ਮੁਕਤਾ ਹੀ ਹੋਇਆ ਕਰਦਾ ਹੈ–

ਹਉਮੈ ਏਹਾ ਜਾਤਿ ਹੈ ਹਉਮੈ ਕਰਮ ਕਮਾਹਿ ॥
ਹਉਮੈ ਏਈ ਬੰਧਨਾ ਫਿਰਿ ਫਿਰਿ ਜੋਨੀ ਪਾਹਿ ॥
ਹਉਮੈ ਕਿਥਹੁ ਊਪਜੈ ਕਿਤੁ ਸੰਜਮਿ ਇਹ ਜਾਇ ॥
ਹਉਮੈ ਏਹੋ ਹੁਕਮੁ ਹੈ ਪਇਐ ਕਿਰਤਿ ਫਿਰਾਹਿ ॥
ਹਉਮੈ ਦੀਰਘ ਰੋਗੁ ਹੈ ਦਾਰੂ ਭੀ ਇਸੁ ਮਾਹਿ ॥
ਕਿਰਪਾ ਕਰੇ ਜੇ ਆਪਣੀ ਤਾ ਗੁਰ ਕਾ ਸਬਦੁ ਕਮਾਹਿ॥
ਨਾਨਕੁ ਕਹੈ ਸੁਣਹੁ ਜਨਹੁ ਇਤੁ ਸੰਜਮਿ ਦੁਖਿ ਜਾਹਿ ॥੨॥ (੭)
(ਆਸਾ ਦੀ ਵਾਰ ਮ: ੨, ਪੰਨਾ ੪੬੬)

ਭਾਵਾਰਥ – ਇਹ ਮਾਨੁਖਤਵ, ਮਾਨੁਖ ਦਾ ਵਜੂਦ ਸ਼ਖ਼ਸੀਅਤ ਹੀ ਮੁਜੱਸਮ ਹਉਮੈ ਹੈ। ਇਸ ਜਿਸਮ ਦੀ ਕ੍ਰਾਤੀ ਹੀ ਨਿਰੀ ਹਉਮੈ ਹੈ। ਜਨਮ ਜਨਮ ਤੋਂ ਇਹ ਮਾਨੁਖਤਵੀ ਸਿਰਿਸ਼ਤ (ਖ਼ਸਲਤ) ਸ਼ਖ਼ਸੀਅਤ ਨਾਲਿ ਹਉਮੈ ਚਿੰਮੜੀ ਆਉਂਦੀ ਹੈ। ਤਾਂਤੇ ਇਹ ਹਉਮੈ ਜੀਵਨੀ ਵਾਲਾ ਮਾਨੁਖ ਜੀਅੜਾ ਹਉਮੈ ਦਾ ਕੀੜਾ ਜੋ ਕਰਮ ਕਰਦਾ ਹੈ ਹਉਮੈ ਦੇ ਕਰਮ ਹੀ ਕਰਦਾ ਹੈ। ਮੈਂ-ਮੇਰੀ ਵਾਲੀ ਹਉਮੈ ਜੀਅਤਰੀ ਹੀ ਇਸ ਦੀ ਕਰਮ ਕਰਤੂਤ ਹੈ। ਇਸਦੇ ਹਰੇਕ ਕਰਮ ਵਿਚਿ ਹਉਮੈ ਦਾ ਹੀ ਕਰਤੱਵ ਹੈ। ਤਾਂਤੇ ਇਹੀ ਹਉਮੈ ਇਸ ਦੇ ਕਰਮ ਅੰਦਰਿ ਘੁਣ ਵਾਲਾ ਕੀੜਾ ਹੋ ਕੇ ਵਿਆਪੀ ਹੋਈ ਹੈ। ਜੋਈ ਕਰਮ ਇਹ ਕਰਦਾ ਹੈ ਇਥੇ ਹਉਮੈ ਦੀ ਬੰਧਨਾ ਵਿਚਿ ਬੰਨ੍ਹਿਆ, ਜਕੜ ਕੇ ਬੰਨ੍ਹਿਆ ਹੋਇਆ ਕਰਦਾ ਹੈ। ਸਾਰੀ ਲੋਕੀ, ਸ੍ਰਿਸ਼ਟੀ, ਸਾਰੇ ਜੀਵ ਹੀ, ਮਾਨੁਖ ਮਾਤਰ ਕਰਿ ਇਸੇ ਬੰਧਨ ਅੰਦਰ ਹਉਮੈ ਦਾ ਕਰਮ ਕਮਾਉਂਦੇ ਹਨ। ਤਾਂਤੇ ਇਹ ਹਉਮੈ ਬੰਧਨ ਰੂਪ ਹੋ ਕੇ ਮਾਨੁਖ ਮਾਤਰ


www.AKJ.Org

ਹਰੇਕ ਪ੍ਰਾਣੀ ਨੂੰ ਚਿੰਮੜੀ ਹੋਈ ਹੈ। ਇਹਨਾ ਹੀ ਹਉਮੈ-ਬੰਧਨੀ ਕਰਮਾ ਕਰਕੇ ਸਭਿ ਹਉਮੈ ਦੇ ਪੁਤਲੇ ਪੁਰਸ਼ ਮੁੜ ਮੁੜ ਕੇ ਜੋਨੀਆਂ ਵਿਚਿ ਪੈਂਦੇ ਹਨ ਅਤੇ ਲਖ ਚੁਰਾਸੀ ਜੂਨਾਂ ਦੇ ਗੇੜੇ ਵਿਚਿ ਭਉਂਦੇ ਹਨ। ਹਉਮੈ ਕਿਥਹੁੰ ਉਪਜਦੀ ਹੈ? ਅਤੇ ਕਿਸ ਯਤਨ (ਸੰਜਮ) ਕਰਿ ਇਹ ਜਾਂਦੀ ਹੈ? ਅਤੇ ਕਿਸ ਤ੍ਰੀਕੇ ਨਾਲਿ ਇਸਦਾ ਅਭਾਵ ਬਿਨਾਸ ਹੁੰਦਾ ਹੈ? ਹੁਕਮ ਅੰਦਰਿ ਹੀ ਇਹ ਜੀਵ ਹਉਮੈ ਤੋਂ ਉਪਜਦੇ ਕਿਰਤ-ਕਰੰਮੀ ਵਹਿਣਾਂ ਵਿਚਿ ਘੁੰਮਦਾ ਫਿਰਦਾ ਹੈ ਅਤੇ ਪਤਾ ਨਹੀਂ ਕਦੋਂ ਦਾ ਏਵੇਂ ਹੀ ਘੁੰਮਦਾ ਚਲਿਆ ਆਇਆ ਹੈ। ਇਹ ਹਉਮੈ, ਮੈਂ-ਮੇਰੀ ਦੇ ਕੀਤੇ ਕਰਮ ਤੋਂ ਹੋਰ ਵਧੇਰੀ ਹੈ। ਮੈਂ-ਮੇਰੀ ਤੋਂ ਹੀ ਉਪਜੀ ਹੈ। ਇਸ ਮੈਂ-ਮੇਰੀ ਦੇ ਪੁਤਲੇ ਜੀਵ ਨੇ ਆਪਣੇ ਅਭਿਮਾਨ ਕਰਿ ਹੀ ਹਉਮੈ ਦਾ ਵਜੂਦ ਵਖਰਾ ਬਣਾ ਲਿਆ ਹੈ ਅਤੇ ਹਉਮੈ ਅਪਣਾ ਲਈ ਹੈ। ਇਸ ਹਉਮੈ ਦੇ ਮੂਲ ਕਾਰਨ ਕਰਕੇ ਹੀ ਜੀਵਾਂ ਦਾ ਵਿਛੋੜਾ ਵਾਹਿਗੁਰੂ ਨਾਲੋਂ ਹੋਇਆ ਹੈ। ਮੁਢੋਂ ਫਿਰ ਹਉਮੈ ਕਿਵੇਂ ਇਸ ਜੀਵ ਅੰਦਰਿ ਆਈ? ਆਪਣੇ ਆਪ ਨਹੀਂ ਆ ਪਈ, ਹੁਕਮਿ ਅੰਦਰਿ ਹੀ ਇਹ ਕਿਰਤ ਫਿਰਾਈ ਹਉਮੈ ਭਰਮ-ਕਰਣੀ ਹੈ। ਪਰ ਕਰਨ ਵਾਲੇ ਕਰਮ ਨਹੀਂ ਕਰਦੀ। ਹਉਮੈ ਉਲਟੇ ਕਰਮ ਕਰਦੀ ਹੈ। ਕਰਮਾਂ ਦੀ ਸਜ਼ਾ ਭੁਗਤਾਂਦੀ ਹੈ ਅਤੇ ਸਜ਼ਾ ਭੁਗਤਾਣ ਕੇ ਕਰਮ ਕਰਦੀ ਹੈ। ਸੋ ਹੁਕਮੀ ਦੇ ਹੁਕਮਾਂ ਕਰਕੇ ਕਰਦੀ ਹੈ। ਇਸ ਹਉਮੈ ਤੋਂ ਛੁਟਕਾਰੇ ਦਾ ਇਲਾਜ ਭੀ ਇਸੇ ਹਉਮੈ ਅੰਦਰਿ ਰਖਿਆ ਹੋਇਆ ਹੈ। ਇਹੀ ਹਉਮੈ-ਕਰਮ ਕਮਾਵਣ-ਹਾਰੇ ਜੀਵ, ਹਉਮੈ-ਬੰਧਨੀ ਕਰਮਾਂ ਦੀਆਂ ਸੱਟਾਂ ਖਾ ਕੇ, ਜਦੋਂ ਉਨ੍ਹਾਂ ਦੇ ਕਿਰਪਾ ਹੁੰਦੀ ਹੈ ਗੁਰੂ ਕਰਤਾਰ ਦੀ, ਤਾਂ ਗੁਰੂ ਸ਼ਬਦ ਕਮਾਈਆਂ ਵਾਲੇ ਅਭਿਆਸ ਕਰਨ ਲਗ ਪੈਂਦੇ ਹਨ। ਕਰਮ ਕਰਨ ਵਾਲੇ ਨੇ ਕਿਤੇ ਬਾਹਰੋਂ ਤਾਂ ਨਹੀਂ ਆਉਣਾ। ਅੰਦਰੋਂ ਹੀ ਜਦ ਇਸ ਨੂੰ ਸੁਮਤਿ ਪੈਂਦੀ ਹੈ ਤਾਂ ਉਹੀ ਜੀਉੜਾ ਸਾਲਾਹੁਣ ਯੋਗ ਸਿਫਤ ਸਾਲਾਹੀ ਕਰਮ ਕਰਨ ਲਗ ਜਾਂਦਾ ਹੈ। ਜੇ ਇਹ ਸੁਮਤਿ ਨ ਪਵੇ ਤੇ ਹਉਮੈ ਦੇ ਕਰਮ ਕਰਦਾ ਹੀ ਚਲਿਆ ਜਾਵੇ ਤਾਂ ਇਹੀ ਹਉਮੈ ਦੀਰਘ ਰੋਗ ਰੂਪ ਹੋ ਜਾਂਦੀ ਹੈ। ਲੰਮਾ, ਕਦੇ ਨਾ ਹਟਣ ਵਾਲਾ ਚੰਦਰਾ ਰੋਗ ਹੋ ਜਾਂਦਾ ਹੈ। ਹਉਮੈ ਦੀਰਘ ਰੋਗ ਕਰੰਮੀ ਚੱਕਰ ਵਿਚਿ ਪਏ ਹੋਏ ਪ੍ਰਾਣੀਆਂ ਲਈ, ਸਾਰੀ ਸ੍ਰਿਸ਼ਟੀ ਮਾਤਰ ਦੇ ਹਉਮੈ-ਬੰਧਨੀ ਕਰਮ ਰੋਗ-ਗ੍ਰਸਤ ਪ੍ਰਾਣੀਆਂ ਲਈ, ਅੰਤ ਦਾ ਤਰਸ ਅਤੇ ਰਹਿਮਤ ਕਰ ਕੇ ਪਰਮ ਕਿਰਪਾਲੂ ਗੁਰੂ ਨਾਨਕ ਸਾਹਿਬ ਦੇ ਧੁਰ ਦਰਗਾਹੀ ਇਲਾਜ ਨਾਮ ਦਾ ਲਿਆਂਦਾ ਅਤੇ ਜੀਵਾਂ ਦੇ ਅੰਦਰਿ ਹੀ ਇਸ ਨਾਮ ਰੂਪੀ ਗੁਰਮੰਤਰ ਨੂੰ ਪਾ ਕੇ ਅੰਦਰੇ ਹੀ ਹਉਮੈ ਦੀ ਬੀਮਾਰੀ ਦੂਰ ਕਰਨ ਦੀ ਬੁਨਿਆਦ, ਇਸ ਹਉਮੈ ਦੀ ਅੰਸ ਦੇ ਅੰਦਰਿ ਹੀ ਰਖ ਦਿੱਤੀ। ਅਤੇ ਦਾਰੂ ਦੀ ਪ੍ਰਾਪਤੀ ਨਾਲਿ ਇਸ ਦੇ ਸੰਜਮ ਭੀ ਦਸ ਦਿਤੇ। ਤਦ ਜਾ ਕੇ ਇਸ ਜਗਤ ਜਲੰਦੇ ਦੀ ਰਖਿਆ ਦਾ ਧੁਰਵਾ ਬੱਝਿਆ। ਇਹ ਧੁਰਵਾ ਬੰਨ੍ਹਣਹਾਰਾ ਧੰਨ ਗੁਰੂ ਨਾਨਕ ਹੈ, ਬਸ ਇਸ ਨਾਮ ਦਾਰੂ ਅਤੇ ਇਸ ਦੇ ਸੰਜਮਾਂ ਕਰਕੇ ਸਾਰੇ ਸੰਸਾਰ ਦੇ ਦੁਖ ਦਲਿਦਰ ਦੂਰ ਹੁੰਦੇ ਹਨ। ਪਰ ਉਹਨਾਂ ਦੇ, ਜੋ ਇਸ ਨਾਮ-ਨੁਸਖ਼ੇ ਨੂੰ ਵਰਤੇ, ਸੰਜਮ ਸੇਤੀ ਪੀਵੇ ਤੇ ਅਮਲ ਕਰੀਵੇ। ਜਿਨ੍ਹਾਂ ਜਿਨ੍ਹਾਂ ਨੇ ਅਮਲ ਕੀਤਾ ਹੈ, ਨਾਮ ਔਖਧੀ ਨੂੰ ਪੀਤਾ ਹੈ ਗੁਰੂ ਦਸੇ ਸੰਜਮ ਅਨੁਸਾਰ, ਤਿਨ੍ਹਾਂ ਦੇ ਸਭ ਦੇ ਬੇੜੇ ਪਾਰ ਹੋ ਗਏ ਹਨ, ਪੂਰਾਂ ਦੇ ਪੂਰ, ਰਾਜ਼ੀ ਹੋ ਕੇ ਹਉਮੈ ਦੀਰਘ ਰੋਗ ਤੋਂ ਅਰੋਗ ਹੋ ਗਏ ਹਨ। ਅਰੋਗ ਹੋ ਰਹੇ ਹਨ। ਅਤੇ ਹੁੰਦੇ ਰਹਿਣਗੇ। ਇਉਂ ਗੁਰੂ ਬਾਬੇ ਨੇ ਸਾਰੇ ਬਿਸ੍ਵ ਸੰਸਾਰ ਨੂੰ ਤਾਰਨ ਦਾ ਧੁਰਵਾ ਬੰਨ੍ਹਿਆ ਹੈ।

ਗੁਰ ਚਰਣ ਲਾਗਿ ਹਮ ਬਿਨਵਤਾ ਪੂਛਤ ਕਹ ਜੀਉ ਪਾਇਆ ॥
ਕਵਨ ਕਾਜਿ ਜਗੁ ਉਪਜੈ ਬਿਨਸੈ, ਕਹਹੁ ਮੋਹਿ ਸਮਝਾਇਆ ॥੧॥
ਦੇਵ ਕਰਹੁ ਦਇਆ, ਮੋਹਿ ਮਾਰਗਿ ਲਾਵਹੁ, ਜਿਤੁ ਭੈ ਬੰਧਨ ਤੂਟੈ ॥
ਜਨਮ ਮਰਨ ਦੁਖ ਫੇੜ ਕਰਮ ਸੁਖ ਜੀਅ ਜਨਮ ਤੇ ਛੂਟੈ ॥੧॥ ਰਹਾਉ ॥
ਮਾਇਆ ਫਾਸ ਬੰਧ ਨਹੀ ਫਾਰੈ ਅਰੁ ਮਨ ਸੁੰਨਿ ਨ ਲੂਕੇ ॥
ਆਪਾ ਪਦੁ ਨਿਰਬਾਣੁ ਨ ਚੀਨਿਆ ਇਨ ਬਿਧਿ ਅਭਿਉ ਨ ਚੂਕੇ ॥੨॥
ਕਹੀ ਨ ਉਪਜੈ ਉਪਜੀ ਜਾਣੈ ਭਾਵ ਅਭਾਵ ਬਿਹੂਣਾ ॥
ਉਦੈ ਅਸਤ ਕੀ ਮਨ ਬੁਧਿ ਨਾਸੀ ਤਉ ਸਦਾ ਸਹਜਿ ਲਿਵ ਲੀਣਾ ॥੩॥


www.AKJ.Org

ਜਿਉ ਪ੍ਰਤਿਬਿੰਬੁ ਬਿੰਬ ਕਉ ਮਿਲੀਹੈ ਉਦਕ ਕੁੰਭੁ ਬਿਗਸਾਨਾ ॥
ਕਹੁ ਕਬੀਰ ਐਸਾ ਗੁਣ ਭ੍ਰਮੁ ਭਾਗਾ ਤਉ ਮਨੁ ਸੁੰਨਿ ਸਮਾਨਾ ॥੪॥੧॥
(ਆਸਾ ਕਬੀਰ ਜੀ, ਪੰਨਾ ੪੭੫)

ਜੀਵ ਦੀ ਉਤਪਤੀ ਕਾਹਦੇ ਲਈ ਹੋਈ ਅਤੇ ਕਿਸ ਕਾਰਨ ਜਗੁ ਉਪਜਦਾ ਬਿਨਸਦਾ ਰਹਿੰਦਾ ਹੈ। ਇਹ ਬੇਨਤੀ ਰੂਪੀ ਪ੍ਰਸ਼ਨ ਉਤਰ ਸਮਝਾਵਣ ਲਈ ਸਤਿਗੁਰਾਂ ਪਾਸ ਪ੍ਰਸ਼ਨ ਕੀਤੇ ਗਏ ਹਨ। ਅਤੇ ਸਦਾ ਜਾਗਦੇ ਗੁਰਦੇਵ ਪਾਸ ਇਹ ਕਹਿ ਕੇ ਅਰਜ਼ ਗੁਜ਼ਾਰੀ ਗਈ ਹੈ ਕਿ ਹੇ ਜਾਗਤ ਜੋਤਿ ਪ੍ਰਚੰਡ ਸਰੂਪ ਗੁਰਦੇਵ ਜੀ। ਐਸੀ ਦਇਆ ਕਰਹੁ ਅਤੇ ਮੋਹਿ ਐਸੇ ਸੁਮਾਰਗ ਲਾਵਹੁ ਜਿਸ ਕਰਕੇ ਬੰਧਨਾਂ ਦਾ (ਬੰਧਨਾਂ ਵਿਚਿ ਪੈਣ ਦਾ) ਭੈ ਟੁਟ ਜਾਵੇ, ਨਾਸ ਹੋ ਜਾਵੇ ਅਤੇ ਜਨਮ ਮਰਨ ਦੇ ਦੁਖਾ ਅਤੇ ਕੀਤੇ ਕਰਮਾਂ ਦੇ ਫਲਾਂ, ਫ਼ਰਜ਼ੀ ਸੁਖਾਂ ਅਤੇ ਜੀਵਾਂ ਵਾਲੀਆਂ ਜੂਨੀਆਂ ਤੋਂ ਛੁਟਕਾਰਾ ਹੋ ਜਾਵੇ। ਜੇਕਰ ਮਨ ਮਾਇਆ ਦੀ ਬੰਧਨ-ਰੂਪ ਫਾਹੀ ਨੂੰ ਫਾੜ ਕੇ ਅਫੁਰ ਸਮਾਧੀ ਵਿਚਿ ਲੀਨ ਨਹੀਂ ਹੁੰਦਾ ਅਤੇ ਆਪਾ ਪਦ ਤੋਂ ਨਿਰਬਾਣ ਪਦ ਨਾ ਚੀਨਿਆ ਗਿਆ ਤਾਂ ਇਹਨਾਂ ਬਿਧੀਆਂ ਕਰਕੇ ਸੰਸਾ ਨਹੀਂ ਮੁਕਣਾ ਅਤੇ ਭੈ ਕਰਮ ਨਹੀਂ ਚੁਕਦਾ। ਹੋਂਦ ਅਣਹੋਂਦ ਦੇ ਫ਼ਰਕ ਨੂੰ ਨਾ ਜਾਣਦਾ ਹੋਇਆ ਜੋ ਵਸਤੂ ਕਿਤੇ (ਕਿਸੇ ਥਾਉਂ) ਭੀ ਨਹੀਂ ਉਪਜਦੀ, ਉਸ ਨੂੰ ਉਪਜੀ ਹੋਈ ਜਾਣੇ, ਅਰਥਾਤ ਜੋ ਚੀਜ਼ ਕਿਧਰੇ ਪੈਦਾ ਨਹੀਂ ਹੁੰਦੀ ਉਸ ਨੂੰ ਪੈਦਾ ਹੋਈ (ਉਪਜੀ ਹੋਈ) ਜਾਣੇ ਅਤੇ ਚੜ੍ਹਦੇ ਲਹਿੰਦੇ ਦਾ ਥਹੁ ਪਤਾ ਹੀ ਨਾ ਰਹੇ, ਸਾਰੀ ਚੰਚਲ ਚਤੁਰ ਬੁਧੀ ਦਾ ਨਾਸ ਹੋ ਜਾਵੇ ਤਾ ਸਹਿਜ ਪਦ ਵਿਚਿ ਸਦਾ ਲਈ ਲਿਵਲੀਨਤਾ ਹੁੰਦੀ ਹੈ। ਜੀਵ-ਉਤਪਤੀ ਕਿਵੇਂ ਹੋਈ ਅਤੇ ਕਿਵੇਂ, ਕਿਸ ਕਾਰਨ ਕਰਕੇ ਜਗ ਉਪਜਦਾ ਬਿਨਸਦਾ ਹੈ, ਇਹਨਾਂ ਸਾਰੇ ਝੇੜਿਆ ਝਗੜਿਆਂ ਨੂੰ ਛਡ ਕੇ, ਚਤਰਾਈਆਂ, ਚੰਚਲਤਾਈ ਵਾਲੀ ਮਤਿ ਕੁਮਤਿ ਨੂੰ ਤਿਆਗ, ਨਾਮ ਵਿਚ ਲਿਵ ਤਾੜੀ ਸਦਾ ਲਾਈ ਰਖੇ ਤਾਂ ਸਹਿਜ ਪਦ ਦੀ ਪ੍ਰਾਪਤੀ ਹੁੰਦੀ ਹੈ। ਜਿਵੇਂ ਘੜਾ ਫੁੱਟੇ ਤੋਂ ਘੜੇ ਦਾ ਪਾਣੀ ਮੁੜ ਕੇ ਪਾਣੀ ਵਿਚਿ, ਪਾਣੀ ਦੇ ਸਾਗਰ ਸਰੋਵਰ ਵਿਚਿ ਜਾ ਮਿਲਦਾ ਹੈ ਤਿਵੇਂ ਹੀ ਜਦੋਂ ਉਰਲੇ ਪਰਲੇ ਕਰਮ-ਗਤੀ, ਕਰਮ-ਬੰਧਨੀ ਗੁਣ ਦਾ ਭਾਸਿਆ ਹੋਇਆ ਭਰਮ ਭਜ ਜਾਂਦਾ (ਨਸ ਜਾਂਦਾ) ਹੈ, ਨਾਸ ਹੋ ਜਾਂਦਾ ਹੈ ਨਾਮ ਅਭਿਆਸ ਦੀ ਕਮਾਈ ਦੇ ਪ੍ਰਤਾਪ ਨਾਲਿ, ਤਾਂ ਮਨੁ ਸੁੰਨ ਅਵਸਥਾ ਵਿਖੇ ਸਮਾ ਜਾਂਦਾ ਹੈ। ਐਸਾ ਹਉਮੈ-ਕਰਮ-ਬੰਧਨੀ ਭਰਮ-ਸੰਸਾਰ ਦੂਰ ਹੋ ਕੇ ਜੀਵ ਆਤਮਾ ਪਰਮਾਤਮਾ ਵਿਚਿ ਲੀਨ ਹੋ ਜਾਂਦਾ ਹੈ।

ਕਰਮ ਧਰਮ ਸਭਿ ਬੰਧਨਾ ਪਾਪ ਪੁੰਨ ਸਨਬੰਧੁ ॥
ਮਮਤਾ ਮੋਹੁ ਸੁ ਬੰਧਨਾ ਪੁਤ੍ਰ ਕਲਤ੍ਰ ਸੁ ਧੰਧੁ ॥
ਜਹ ਦੇਖਾ ਤਹ ਜੇਵਰੀ ਮਾਇਆ ਕਾ ਸਨਬੰਧੁ ॥
ਨਾਨਕ ਸਚੇ ਨਾਮ ਬਿਨੁ ਵਰਤਣਿ ਵਰਤੈ ਅੰਧੁ ॥੧॥ (੭)
(ਸਲੋਕ ਮ: ੩, ਵਾਰ ਬਿਹਾਗੜਾ, ਪੰਨਾ ੫੫੧)

ਭਾਵ– ਨਾਮ-ਹੀਣੇ ਆਨਮਤ ਕਰਮ ਧਰਮ ਆਤਮਾ ਲਈ ਸਭਿ ਬੰਧਨਿ ਰੂਪ ਹਨ, ਕਿਉਂਕਿ ਇਹਨਾਂ ਆਨਮਤ ਕਰਮਾਂ ਦਾ ਵਾਸਤਾ (ਸੰਜੋਗ) ਸਭ ਪਾਪ ਪੁੰਨ ਨਾਲਿ ਹੀ ਹੈ। ਤਾਤੇ ਪਾਪ ਪੁੰਨ ਵਾਲੇ ਪੁੰਨਾਂ ਹੇਤ ਕੀਤੇ ਅਤੇ ਪਾਪਾਂ ਦੇ ਉਪਜਾਉਣ ਵਾਲੇ ਹੋਣ ਕਰਕੇ ਆਨਮਤ ਧਰਮਾਂ ਦੇ ਕਰਮ ਅਤੇ ਕਰਮਾਂ ਦੇ ਪਾਖੰਡ ਧਰਮ ਸਭੇ ਹੀ ਬੰਧਨ ਰੂਪ ਹਨ।

ਕੁਟੰਬੀਆ ਨਾਲਿ ਮਮਤਾ ਮੋਹ ਪਾਉਣ ਵਾਲੀਆ ਆਲੂਦਾ ਖ਼ਿਆਲੀਆਂ ਸਭ ਫਾਹੀਆਂ ਹੀ ਹਨ। ਪੁੱਤਰ ਕਲੱਤ੍ਰ ਇਸਤਰੀ, ਪੁਤਾਂ ਦਾ ਮਾਇਆ-ਮਈ ਮੋਹ ਭੀ ਨਿਰਾ ਝਮੇਲਾ (ਧੰਧ) ਹੀ ਹੈ। ਮਮਤਾ ਮਾਯਾਵੀ ਨੇਹੁੰ ਸੰਸਾਰੀਆ ਦਾ ਪਰਸ-ਪਰ ਜਿਥੇ ਭੀ ਦੇਖੀਦਾ ਹੈ ਉਹ ਬੰਧਨ ਰੂਪੀ ਬੇੜੀ (ਜੇਵੜੀ) ਵਾਲਾ ਹੀ ਹੈ। ਗੁਰੂ ਨਾਨਕ ਸਾਹਿਬ ਫ਼ੁਰਮਾਉਂਦੇ ਹਨ ਕਿ ਸੱਚੇ ਨਾਮ ਤੋਂ ਬਿਨਾਂ ਸਾਰਾ ਸੰਸਾਰ, ਮਾਇਆ-ਬੰਧਨੀ ਸੰਸਾਰ ਅੰਨ੍ਹੇ ਵਿਹਾਰ-ਵਰਤੋਂ ਵਿਚਿ ਹੀ ਜਕੜ-ਬੰਦ ਹੋਇਆ ਹੋਇਆ ਹੈ।


www.AKJ.Org

ਕਹਤੁ ਨਾਨਕ ਇਹ ਜੀਉ ਕਰਮ ਬੰਧੁ ਹੋਈ ॥
ਬਿਨੁ ਸਤਿਗੁਰ ਭੇਟੇ ਮੁਕਤਿ ਨ ਹੋਈ ॥ ੫॥੧॥

(ਭੈਰਉ ਮ: ੩ ਚਉਪਦੇ ਘਰੁ ੧, ਪੰਨਾ ੧੧੨੮)

ਗੁਰੂ ਨਾਨਕ ਸਾਹਿਬ ਫ਼ੁਰਮਾਉਂਦੇ ਹਨ, ਏਸ ਜੀਵ ਦੀ ਹੋਂਦ ਹੀ ਕਰਮ ਬੰਧ ਹੈ। ਹਉਮੈ ਦੀ ਮੈਲ ਵਾਲਾ ਮਨ, ਜੋ ਪੰਜਾਂ ਵਿਸ਼ਿਆਂ ਕਾਮ,ਕ੍ਰੋਧ, ਲੋਭ, ਮੋਹ, ਅਹੰਕਾਰ ਦਾ ਪੁੰਜ ਹੈ, ਉਸ ਦਾ ਮੇਲ ਜੀਵ-ਆਤਮਾ ਨਾਲਿ ਹੋਣ ਕਰਕੇ ਜੀਵ ਹਉਮੈ-ਬੰਧਨੀ ਕਰਮਾਂ ਵਿਚਿ ਵਿਆਪਤ ਹੈ। ਜੀਵ ਨੂੰ ਹਉਮੈ-ਬੰਧਨੀ ਕਰਮ ਮੁਢ ਤੋਂ ਹੀ ਬਿਆਪ ਰਹੇ ਹਨ। ਸਤਿਗੁਰ ਭੇਟੇ ਤੋਂ ਬਿਨਾਂ ਇਸ ਜੀਵ ਦੀ ਮੁਕਤੀ (ਮੋਖ ਕਲਿਆਣ) ਨਹੀਂ ਹੁੰਦੀ। ਹੋ ਸਕਦੀ ਹੀ ਨਹੀਂ।

..ਬੰਧਨ ਕਰਮ ਧਰਮ ਹਉ ਕਰਤਾ ॥
ਬੰਧਨ ਕਾਟਨਹਾਰੁ ਮਨਿ ਵਸੈ॥ ਤਉ ਸੁਖੁ ਪਾਵੈ ਨਿਜ ਘਰਿ ਬਸੈ ॥੨॥

(੪॥੨੮॥੪੧) (ਭੈਰਉ ਮ: ੫, ਪੰਨਾ ੧੧੪੭)

ਹਉਮੈ ਦੇ ਅਧੀਨ ਹੋਇਆ ਇਹ ਜੀਵ ਜੋ ਭੀ ਕਰਮ ਧਰਮ ਆਨਮਤੀਆਂ ਵਾਲੇ ਕਰਦਾ ਹੈ ਸੋ ਸਭਿ ਬੰਧਨ ਰੂਪ ਹਨ। ਬੰਧਨ ਕਾਟਨਹਾਰਾ ਗੁਰੂ ਕਰਤਾਰ ਜੇ ਮਨ ਵਿਚਿ ਆਇ ਵਸੇ ਤਾਂ ਹੀ ਏਹਨਾਂ ਬੰਧਨਾਂ ਤੋਂ ਬੰਦਖਲਾਸੀ ਹੁੰਦੀ ਹੈ, ਸੱਚੇ ਸੁਖ ਦੀ ਪ੍ਰਾਪਤੀ ਹੁੰਦੀ ਹੈ ਅਤੇ ਨਿਜ ਸਰੂਪ ਪਰਮਾਤਮਾ ਵਿਚਿ ਜਾਇ ਵਾਸਾ ਹੁੰਦਾ ਹੈ।

ਤੀਰਥਿ ਨਾਇ ਕਹਾ ਸੁਚਿ ਸੈਲੁ ॥ ਮਨ ਕਉ ਵਿਆਪੈ ਹਉਮੈ ਮੈਲੁ ॥
ਕੋਟਿ ਕਰਮ ਬੰਧਨ ਕਾ ਮੂਲੁ ॥ ਹਰਿ ਕੇ ਭਜਨ ਬਿਨੁ ਬਿਰਥਾ ਪੂਲੁ ॥੨॥

(੪॥੩੨॥੪੫) (ਭੈਰਉ ਮ: ੫, ਪੰਨਾ ੧੧੪੯)

ਭਾਵ– ਚੁਰਾਸੀ ਦੇ ਤੀਰਥਾਂ ਵਿਚਿ ਨ੍ਹਾਤਿਆਂ ਕਿਥੇ ਸੁਚਿ ਪ੍ਰਾਪਤ ਹੁੰਦੀ ਹੈ? ਮਨ ਨੂੰ ਸਿੱਲਾ ਗਿਲਾ ਕਰਨਹਾਰੀ। ਮਨ ਤਾਂ ਸੁੱਕਾ ਹੀ ਰਹਿੰਦਾ ਹੈ। ਸੁਚਿ ਕਿਥੋਂ ਪ੍ਰਾਪਤਿ ਹੋਵੇ? ਕਿਉਂਕਿ ਮਨ ਨੂੰ ਹਉਮੈ ਦੀ ਮੈਲ ਹੀ ਬਿਆਪੀ ਰਹਿੰਦੀ ਹੈ। ਚਾਹੇ ਆਨਮਤਾਂ ਦੇ ਕੋੜਹਾ-ਕ੍ਰੋੜ ਕਰਮ ਕਰੇ। ਏਹ ਸਾਰੇ ਕੋਟਾਨ ਕੋਟ ਕਰਮ ਬੰਧਨੀ ਦਾ ਹੀ ਮੂਲ ਹਨ। ਪਰਮਾਤਮਾ ਹਰੀ ਦੇ ਭਜਨ ਬਿਨਾਂ ਇਹ ਕਰਮ ਬਿਰਥੇ ਹੀ ਹਨ। ਐਸੇ ਹੀ ਬਿਰਥੇ ਹਨ ਜੈਸਾ ਫੂਸ ਦਾ ਪੂਲਾ ਬੰਨ੍ਹਿਆ ਹੁੰਦਾ ਹੈ।

ਜਾਰਉ ਐਸੀ ਪ੍ਰੀਤਿ ਕੁਟੰਬ ਸਨਬੰਧੀ ਮਾਇਆ ਮੋਹ ਪਸਾਰੀ ॥
ਜਿਸੁ ਅੰਤਰਿ ਪ੍ਰੀਤਿ ਰਾਮ ਰਸੁ ਨਾਹੀ ਦੁਬਿਧਾ ਕਰਮ ਬਿਕਾਰੀ ॥੩॥

(੪॥੩) (ਸਾਰੰਗ ਮ: ੧, ਪੰਨਾ ੧੧੯੮)

ਕੁਟੰਬੀਆਂ ਸਨਬੰਧੀਆਂ ਦੀ ਐਸੀ ਪ੍ਰੀਤਿ ਸਾੜ ਸਿਟਣ ਜੋਗੀ ਹੈ ਜਿਸ ਤੋਂ ਮਾਇਆ-ਮੋਹ ਬੰਧਨੀ ਪਾਸਾਰਾ ਵਧੇ। ਮਾਇਆ-ਮੋਹ ਪਸਾਰਨੀ ਪ੍ਰੀਤਿ ਬੰਧਕਾਰੀ ਪ੍ਰੀਤ ਹੈ। ਇਹ ਪ੍ਰਮਾਤਮਾ ਵਲ ਲਗਣ ਨਹੀਂ ਦਿੰਦੀ। ਜਿਸ ਦੇ ਅੰਦਰਿ ਰਾਮ ਰਸ ਭਿੰਨੜੀ ਪਰਮਾਤਮਾ ਪ੍ਰੀਤਮ ਦੀ ਪ੍ਰੀਤ ਨਹੀਂ ਹੈ ਉਸ ਪ੍ਰੀਤ ਤੋਂ ਦੁਬਿਧਾ ਰੂਪੀ ਵਿਕਾਰ ਕਰਮ ਉਪਜਦੇ ਹਨ। ਤਾਂਤੇ ਦੁਬਿਧਾ-ਕਰਮ-ਵਿਕਾਰੀ ਪ੍ਰੀਤ ਸਭ ਜਾਲ ਦੇਣ ਜੋਗੀ ਹੈ।

ਜੀਅ ਕਾ ਬੰਧਨੁ ਕਰਮੁ ਬਿਆਪੈ ॥ ਜੋ ਕਿਛੁ ਕੀਆ ਸੁ ਆਪੇ ਆਪੈ ॥੩॥ (੪॥੩)

(ਪ੍ਰਭਾਤੀ ਨਾਮ ਦੇਵ ਜੀ, ਪੰਨਾ ੧੩੫੧)

ਇਹ ਹਉਮੈ ਬਿਆਪਤ ਕਰਮ ਹੀ ਜੀਅ ਦੇ ਬੰਧਨ ਹਨ। ਆਨਮਤ ਤੇ ਮਨ ਦੀ ਮਤਿ ਅਨੁਸਾਰ ਆਪਣੇ ਹਉਮੈ ਦੀ ਮਤਿ ਅਨੁਸਾਰ ਕੀਤਾ ਜੋ ਭੀ ਕਰਮ ਹੈ ਸੋ ਜੀਵ-ਆਤਮਾ ਲਈ ਬੰਧਨ ਰੂਪ ਹੈ। ਉਸ ਦਾ ਜ਼ੁੰਮੇਵਾਰ ਆਪ ਹੀ ਇਹ ਕਰਮ ਕਰਨਹਾਰਾ ਜੀਵ ਹੈ, ਜੋ ਆਪਣੇ ਆਪੇ ਦੇ ਅਧੀਨ ਹੋਇਆ ਮਨ-ਹੁਦਰੇ ਕਰਮ ਕਰਦਾ ਹੈ। ਜੋ ਕੁਛ ਕੀਤਾ ਹੈ, ਕਰ ਕੇ ਬੰਧਨ ਇਸ ਨੇ ਪਾ ਲੀਤਾ ਹੈ। ਸੋ ਆਪਣੀ ਖ਼ੁਦਸਰੀ ਨਾਲਿ ਕੀਤਾ ਹੈ। ਖ਼ੁਦਸਰੀ ਵਾਲੀ ਮਤਸਰ-ਮਤੀ ਦਾ ਮਤਾਇਆ ਕਰਮ, ਸਭ ਬੰਧਨ ਬਿਆਪਿਆ ਕਰਮ ਹੋ ਕੇ ਕਰਨਹਾਰੇ ਹਉਮੈ-ਗ੍ਰਸਤ ਪ੍ਰਾਣੀ ਨੂੰ ਜਮ ਹੋ ਕੇ ਚਿੰਮੜਦਾ ਹੈ। (ਚਲਦਾ)

(ਚਲਦਾ)

# ਰਿਸ਼ਤੇ ਨਾਤੇ

*ਨੋਟ:- 1. ਕੇਵਲ ਕੇਸਕੀ ਨੂੰ ਪੰਜਵਾਂ ਕਕਾਰ ਮੰਨ ਕੇ ਧਾਰਨ ਕਰਨ ਵਾਲੇ ਅਤੇ ਸ਼ਾਕਾਹਾਰੀ ਬੱਚਿਆਂ ਵਾਸਤੇ ਹੀ ਚਿੱਠੀ ਪੱਤਰ ਕਰੋ ਜੀ। ੨. ਇਸ ਕਾਲਮ ਵਿਚ ਛਪਵਾਉਣ ਲਈ ਆਪਣੇ ਅਤੇ ਪਰਿਵਾਰ ਬਾਰੇ ਪੂਰਾ ਵੇਰਵਾ ਸਾਫ਼ ਸਪਸ਼ਟ ਲਿਖ ਕੇ ਸੂਰਾ ਦਫ਼ਤਰ ਭੇਜੋ ਜੀ। 3. ਕਿਸੇ ਵੀ ਛਪੇ ਇਸ਼ਤਿਹਾਰ ਦੇ ਜਵਾਬੀ ਪੱਤਰ ਨਾਲ ਬਿਨਾਂ ਕਿਸੇ ਐਡਰੈਸ ਲਿਖੇ ਤਿੰਨ ਰੁਪਏ ਦੀ ਟਿਕਟ ਲੱਗਿਆ ਖਾਲੀ ਲਿਫ਼ਾਫ਼ਾ ਜ਼ਰੂਰ ਭੇਜੋ ਜੀ।*

LD 279 ੨੭ ਸਾਲਾ ਕੱਦ 5'੨'', D.H.M.S. ਪਾਸ ਹੋਮਿਓਪੈਥਿਕ ਡਾਕਟਰ ਆਪਣਾ ਕਲੀਨਿਕ ਚਲਾ ਰਹੀ ਬੀਬੀ ਵਾਸਤੇ ਯੋਗ ਪੜ੍ਹੇ ਲਿਖੇ ਵਰ ਦੀ ਲੋੜ ਹੈ।

LD ੨80 ੨੭ ਸਾਲਾ ਕੱਦ 167 ਸੈਂਟੀਮੀਟਰ ਪੱਕੇ ਤੌਰ ਤੇ ਅਮਰੀਕਨ ਨਾਗਰਿਕ 70000/- ਡਾਲਰ ਪ੍ਰਤੀ ਸਾਲ ਕਮਾ ਰਹੀ ਬੀਬੀ ਵਾਸਤੇ ਯੋਗ ਵਰ ਦੀ ਲੋੜ ਹੈ।

LD ੨81 ੨5 ਸਾਲਾ ਕੱਦ 5'10'' ਅੰਡਰ ਮੈਟ੍ਰਿਕ ਆਪਣਾ ਤਰਖਾਣਾ ਕੰਮ ਕਰਦੇ 5000/- ਮਾਸਿਕ ਆਮਦਨ ਵਾਲੇ ਸਿੰਘ ਲਈ ਯੋਗ ਬੀਬੀ ਦੀ ਲੋੜ ਹੈ।

LD ੨8੨- ੨੭ ਸਾਲਾ ਕੱਦ 5'5'', ਬੀ. ਏ. ਪਾਸ, ਆਪਣਾ ਪੱਤਰਕਾਰੀ ਦਾ ਕੰਮ ਕਰਦੇ 6000/- ਮਾਸਿਕ ਆਮਦਨ ਵਾਲੇ ਸਿੰਘ ਲਈ ਯੋਗ ਬੀਬੀ ਦੀ ਲੋੜ ਹੈ।

LD ੨83 ੨੨ ਸਾਲਾ ਕੱਦ 5'੭'' ਮਿਡਲ ਪਾਸ 3000/- ਮਾਸਿਕ ਆਮਦਨ ਵਾਲੇ ਸਿੰਘ ਲਈ ਯੋਗ ਬੀਬੀ ਦੀ ਲੋੜ ਹੈ

LD ੨84 ੨7 ਸਾਲਾ ਕੱਦ 5'3'' B.S.C. Ist ਤੇ Nursing Diploma ਪਾਸ ਸਟਾਫ਼ ਨਰਸ, 6700 ਰੁ: ਮਾਸਿਕ ਤਨਖਾਹ ਵਾਲੀ ਬੀਬੀ ਲਈ ਯੋਗ ਵਰ ਦੀ ਲੋੜ ਹੈ।

LD ੨85 ੨5 ਸਾਲਾ ਕੱਦ 5'੨'', B.A. 2nd ਪਾਸ ਬੀਬੀ ਲਈ ਯੋਗ ਵਰ ਦੀ ਲੋੜ ਹੈ।

LD ੨86 ੨੭ ਸਾਲਾ 5'੨'', B.A. ਪਾਸ, ਸਟਾਫ਼ ਨਰਸ 7000/- ਮਾਸਿਕ ਤਨਖਾਹ ਵਾਲੀ ਬੀਬੀ ਲਈ ਯੋਗ ਵਰ ਦੀ ਲੋੜ ਹੈ।

LD ੨87 ੨4 ਸਾਲਾ ਕੱਦ 5'੨', M.A. (Pol. Science) ਕਰ ਰਹੀ ਬੀਬੀ ਵਾਸਤੇ ਯੋਗ ਵਰ ਦੀ ਲੋੜ ਹੈ।।

## ਸੂਰਾ ਸਹਾਇਤਾ

| | | | |
|---|---|---|---|
| 1. ਗੁ: ਗੋਬਿੰਦ ਸਿੰਘ ਖਾਲਸਾ ਹਾਈ ਸਕੂਲ ਸ਼ਿਮਲਾ ਪੁਰੀ ਲੁਧਿ:- | ੫੦/- | 3. ਹਰਭਜਨ ਸਿੰਘ ਅਤੇ ਗੁਰਦੇਵ ਕੌਰ- | ੧੫੦/- |
| ੨. ਗੁਪਤ- | ੨੦/- | 4. ਬੀਬੀ ਪਰਮਿੰਦਰ ਕੌਰ- | ੧੫੦/- |
| | | 5. ਗੁਪਤ | ੩੫੦/- |
| | | 6. ਗੁਪਤ- | ੧੧੦੦/- |

## ਫ੍ਰੀ ਲਿਟ੍ਰੇਚਰ ਫੰਡ ਲਈ ਪੂੰਜੀ ਸਹਾਇਤਾ

| | | | |
|---|---|---|---|
| ਗੁਪਤ- | ੧੦੦/- | ਸ: ਰਣਜੀਤ ਸਿੰਘ ਬਠਿੰਡਾ | ੨੦੦/- |
| ਗੁਪਤ- | ੪੬/- | ਸ: ਲਖਵੀਰ ਸਿੰਘ | ੨੦੦/- |
| ਸ: ਮਨਧੀਰ ਸਿੰਘ | ੫੦/- | ਸ: ਅਵਤਾਰ ਸਿੰਘ | ੨੦੦/- |
| ਸ: ਸੁਖਦੇਵ ਸਿੰਘ ਬਠਿੰਡਾ | ੫੦/- | ਸ: ਸੰਗਤ ਸਿੰਘ | ੫੦/- |

(ਬਾਹਰਲੇ ਪੰਨੇ ਦੇ ਬਾਕੀ ਦੇ ਪ੍ਰੋਗਰਾਮ...)

4. ਮੁਕਾਬਲਿਆਂ ਵਿਚ ਹਿੱਸਾ ਲੈਣ ਵਾਲੇ ਬੱਚਿਆਂ ਲਈ ਉਮਰ ਅਨੁਸਾਰ ਸਲੇਬਸ ਹੇਠ ਲਿਖੇ ਅਨੁਸਾਰ ਹੈ :- (1.) 5 ਤੋਂ 8 ਸਾਲ ਤੱਕ- ਜਪੁਜੀ ਸਾਹਿਬ ਅਤੇ ਚੌਪਈ ਸਾਹਿਬ (੨.) ੭ ਤੋਂ 11 ਸਾਲ ਜਪੁਜੀ ਸਾਹਿਬ, ਬਸੰਤ ਦੀ ਵਾਰ, ਰਹਿਰਾਸ, ਅਰਦਾਸ, ਬਾਰਾਂ ਮਾਹਾ (3.) 1੨ ਤੋਂ 15 ਸਾਲ ਤੱਕ ਜਪੁਜੀ ਸਾਹਿਬ, ਸਵੈਯੇ, ਚੌਪਈ ਸਾਹਿਬ, ਪੂਰਾ ਅਨੰਦ ਸਾਹਿਬ, ਅਰਦਾਸ, ਸੋਹਿਲਾ, ਤੇ ਸਿੱਖ ਇਤਿਹਾਸ ਵਿਚੋਂ ਸਵਾਲ (4.) 16 ਸਾਲ ਤੋਂ ਉਪਰ ਵਾਲੇ ਬੱਚੇ- ਤੀਜੇ ਗਰੁੱਪ ਵਾਲੀਆਂ ਬਾਣੀਆਂ ਤੋਂ ਇਲਾਵਾ ਸ਼ਬਦ ਹਜ਼ਾਰੇ, ਜਾਪੁ ਸਾਹਿਬ, ਸੁਖਮਨੀ ਸਾਹਿਬ ਤੇ ਹੋਰ ਵੱਧ ਤੋਂ ਵੱਧ ਬਾਣੀਆ।

ਦਾਸਰੇ :- ਸਮੂਹ ਸੰਗਤ ਅਤੇ ਅਖੰਡ ਕੀਰਤਨੀ ਜੱਥਾ ਧਾਲੀਵਾਲ ਫਿਲਵਾ।

<u>ਬਰੇਲੀ ਵਿਖੇ ਪੂਰਨ ਜੀ ਦੇ ਬੱਚਿਆਂ ਦੀ ਸਾਲਾਨਾ ਯਾਦ ਵਿਚ ਕੀਰਤਨ ਸਮਾਗਮ 20 ਤੋਂ 23 ਜੂਨ</u>

www.AKJ.Org

ਗੁ: ਸ੍ਰੀ ਗੁਰੂ ਸਿੰਘ ਸਭਾ ਮਾਡਲ ਟਾਊਨ ਲੁਧਿਆਣਾ ਵਿਖੇ ਰੈਣਿ ਸਬਾਈ ਕੀਰਤਨ 15 ਮਈ ਰਾਤ ਨੂੰ

**ਚੋਹਲਾ ਸਾਹਿਬ (ਅੰਮ੍ਰਿਤਸਰ) ਵਿਖੇ ਰੈਣਿ ਸਬਾਈ ਕੀਰਟਨ**

ਗੁਰੂ ਅਰਜਨ ਦੇਵ ਜੀ ਦੇ ਅਵਤਾਰ ਪੁਰਬ ਦੇ ਸਬੰਧ ਵਿਚ ਗੁ: ਦੂਖ ਨਿਵਾਰਨ ਸਾਹਿਬ ਵਿਖੇ 15 ਮਈ ਰਾਤ ਨੂੰ ਕੀਰਤਨ ਅਖਾੜੇ ਸਜਣਗੇ। ਆਇ ਦੀਦਾਰ ਬਖਸ਼ੋ ਜੀ। ਪੁੱਛਗਿਛ 01859-48154

**ਸ਼ਾਹਕੋਟ (ਨੇੜੇ ਨਕੋਦਰ) ਵਿਖੇ ਰੈਣਿ ਸਬਾਈ ਕੀਰਤਨ ੨੨ ਮਈ ਨੂੰ।**

ਗੁ: ਸ੍ਰੀ ਗੁਰੂ ਸਿੰਘ ਸਭਾ ਸ਼ਾਹਕੋਟ ਵਿਖੇ ਗੁਰਪੁਰਵਾਸੀ ਡਾ: ਪ੍ਰੀਤਮ ਸਿੰਘ ਜੀ ਜਲੰਧਰ ਵਾਲਿਆ ਦੀ ਯਾਦ ਵਿਚ ੨੨ ਮਈ ਰਾਤ ਨੂੰ ਕੀਰਤਨ ਅਖਾੜੇ ਸਜਣਗੇ।

**ਗੁ: ਦੂਖ ਨਿਵਾਰਨ ਸਾਹਿਬ ਪਟਿਆਲਾ ਵਿਖੇ ਰੈਣਿ ਸਬਾਈ ਕੀਰਤਨ ਮਈ ਰਾਤ ਨੂੰ**

ਪੰਚਮੀ ਦੇ ਮਾਸਿਕ ਜੋੜ ਮੇਲੇ ਤੇ 18 ਮਈ ਮੰਗਲਵਾਰ ਰਾਤ ਨੂੰ ਕੀਰਤਨ ਅਖਾੜੇ ਸਜਣਗੇ।

**ਗੁ: ਘੱਲੂਘਾਰਾ, ਕਾਹਨੂੰਵਾਨ ਛੰਭ ਵਿਖੇ ਸਾਲਾਨਾ ਸਮਾਗਮ ੨੦ ਤੋਂ ੨੩ ਮਈ ਸਵੇਰ ਤੱਕ**

ਸਮੂਹ ਸ਼ਹੀਦਾ ਦੀ ਯਾਦ ਵਿਚ ੨੨ ਮਈ ਸਵੇਰੇ ਭੋਗ ਸ੍ਰੀ ਅਖੰਡ ਪਾਠ ਸਾਹਿਬ ਉਪ੍ਰੰਤ ਕੀਰਤਨ ਦੁਪਹਿਰ ਤੱਕ। ਸ਼ਾਮ ਸੋਦਰ ਉਪ੍ਰੰਤ ਆਰੰਭ ਰੈਣਿ ਸਬਾਈ ਕੀਰਤਨ ਅਤੇ ਅੰਮ੍ਰਿਤ ਸੰਚਾਰ ਸਮਾਗਮ। ਬਟਾਲਾ ਅਤੇ ਗੁਰਦਾਸਪੁਰ ਤੋਂ ੨੨ ਮਈ ਸ਼ਾਮ ੬ ਵਜੇ ਬੱਸਾਂ ਸੰਗਤਾ ਨੂੰ ਲੈ ਕੇ ਜਾਣਗੀਆਂ।

**ਗੁ: ਬਿਬੇਕਸਰ ਸਾਹਿਬ ਅੰਮ੍ਰਿਤਸਰ ਵਿਖੇ ਮਾਸਿਕ ਰੈਣਿ ਸਬਾਈ ਕੀਰਤਨ ੨੯ ਮਈ ਰਾਤ ਨੂੰ**

**ਗੁਰਪੁਰਵਾਸੀ ਡਾ: ਪ੍ਰੀਤਮ ਸਿੰਘ ਜੀ ਦੀ ਪਹਿਲੀ ਬਰਸੀ ਤੇ ਜਲੰਧਰ ਵਿਖੇ ਅਖੰਡ ਕੀਰਤਨ ਸਮਾਗਮ**

ਆਖਰੀ ਸਵਾਸਾ ਤੱਕ ਸੰਗਤਾਂ ਨੂੰ ਨਾਮ ਬਾਣੀ ਦੇ ਲਾਹੇ ਭੁੰਚਾ ਕੇ ਪਿਛਲੇ ਸਾਲ ਗੁਰੂ ਚਰਨਾ ਵਿਚ ਜਾ ਬਿਰਾਜੇ ਗੁਰੂ ਸਵਾਰੇ ਡਾ: ਪ੍ਰੀਤਮ ਸਿੰਘ ਜੀ ਦੀ ਯਾਦ ਵਿਚ ਤਿਨ੍ਹਾਂ ਦੇ ਗ੍ਰਿਹ ਜਸਵੰਤ ਬੀਰ ਕਾਟੇਜ EE੨੪/ ਬਾਗ ਕਰਮ ਬਖਸ਼ ਨੇੜੇ ਭਗਤ ਸਿੰਘ ਚੌਂਕ ਜਲੰਧਰ ਵਿਖੇ 4 ਜੂਨ ਅੰਮ੍ਰਿਤ ਵੇਲੇ ਸ੍ਰੀ ਅਖੰਡ ਪਾਠ ਸਾਹਿਬ ਆਰੰਭ ਹੋਣਗੇ। ੬ ਜੂਨ ਸਵੇਰੇ 5 ਵਜੇ ਗ੍ਰਿਹ ਵਿਖੇ ਹੀ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਉਪ੍ਰੰਤ ਗੁ: ਦੀਵਾਨ ਅਸਥਾਨਾ ਸੈਂਟਰਲ ਟਾਊਨ ਜਲੰਧਰ ਵਿਖੇ ਸਵੇਰੇ ੬ ਵਜੇ ਤੋਂ 12 ਵਜੇ ਤੱਕ ਅਖੰਡ ਕੀਰਤਨ ਸਮਾਗਮ ਸਜਣਗੇ।

**ਪਿੰਡ ਧਾਲੀਵਾਲ (ਨੇੜੇ ਬਿਆਸ) ਵਿਖੇ ਸਾਲਾਨਾ ਕੀਰਤਨ, ਅੰਮ੍ਰਿਤ ਸੰਚਾਰ ਸਮਾਗਮ ਅਤੇ ਗੁਰਬਾਣੀ ਮੁਕਾਬਲੇ.**

ਗੁ: ਸਾਹਿਬ ਪਿੰਡ ਧਾਲੀਵਾਲ ਵਿਖੇ ਹੇਠਾ ਦਿੱਤੇ ਪ੍ਰੋਗਰਾਮ ਅਨੁਸਾਰ ਸਮਾਗਮ ਅਤੇ ਗੁਰਬਾਣੀ ਕੰਠ ਅਤੇ ਕੀਰਤਨ ਮੁਕਾਬਲੇ ਹੋਣਗੇ। ਪਹੁੰਚ ਕੇ ਲਾਹੇ ਪ੍ਰਾਪਤ ਕਰੋ ਜੀ।

17-6-99 ਵੀਰਵਾਰ ਸਵੇਰੇ 5 ਵਜੇ ਤੋਂ 8 ਵਜੇ ਤੱਕ ਕੀਰਤਨ ਸ੍ਰੀ ਆਸਾ ਕੀ ਵਾਰ ਉਪ੍ਰੰਤ ਆਰੰਭ ਸ੍ਰੀ ਅਖੰਡ ਪਾਠ ਸਾਹਿਬ ਗੁ: ਧਾਲੀਵਾਲ-ਦਿਲਵਾਂ ਵਿਖੇ। ਸ਼ਾਮ 7 ਤੋਂ 10 ਵਜੇ ਤੱਕ ਕੀਰਤਨ ਗੁ: ਗੁਰਸਰ ਸਾਹਿਬ ਪਾ: ਛੇਵੀਂ ਪਿੰਡ ਸੈਫ਼ਲਾਬਾਦ ਵਿਖੇ।

18-6-99 ਸਵੇਰੇ 7 ਤੋਂ 9 ਕੀਰਤਨ ਗੁ: ਜਾਤੀਕੇ ਉਪ੍ਰੰਤ ਗੁਰਬਾਣੀ ਕੰਠ, ਗੁਰਬਾਣੀ ਕੀਰਤਨ ਅਤੇ ਸੋਹਣੀ ਦਸਤਾਰ ਸਜਾਉਣ ਦੇ ਮੁਕਾਬਲੇ। ਸ਼ਾਮ 7 ਤੋਂ 11 ਕੀਰਤਨ ਗੁ: ਟਾਹਲੀ ਸਾਹਿਬ ਪਿੰਡ ਸੰਜੋਗਲਾ ਵਿਖੇ।

19-6-99 ਭੋਗ ਸ੍ਰੀ ਅਖੰਡ ਪਾਠ ਸਾਹਿਬ ਸਵੇਰੇ 5 ਵਜੇ ਉਪ੍ਰੰਤ ਕੀਰਤਨ ਦੁਪਹਿਰ ਤੱਕ ਗੁ: ਸਾਹਿਬ ਪਿੰਡ ਧਾਲੀਵਾਲ ਵਿਖੇ। ਕੀਰਤਨ ਉਪ੍ਰੰਤ ਮੁਕਾਬਲਿਆਂ ਵਿਚ ਭਾਗ ਲੈਣ ਵਾਲੇ ਬੱਚਿਆਂ ਨੂੰ ਇਨਾਮ। ਸ਼ਾਮ ਸੋਦਰ ਉਪ੍ਰੰਤ ਆਰੰਭ ਰੈਣਿ ਸਬਾਈ ਕੀਰਤਨ ਤੇ ਅੰਮ੍ਰਿਤ ਸੰਚਾਰ।

ਨੋਟ:- 1. ਲੰਗਰ ਅਤੇ ਰਿਹਾਇਸ਼ ਦਾ ਪ੍ਰਬੰਧ ਗੁ: ਸਾਹਿਬ ਧਾਲੀਵਾਲ ਵਿਖੇ ਹੋਵੇਗਾ।

੨. ਗੁਰਬਾਣੀ ਕੰਠ, ਕੀਰਤਨ ਅਤੇ ਦਸਤਾਰ ਮੁਕਾਬਲਿਆਂ ਵਿਖ ਹਿੱਸਾ ਲੈਣ ਵਾਲੇ ਬੱਚੇ ਆਪਣੇ ਨਾਮ 3,0 ਮਈ ਤੱਕ ਬੀਬੀ ਜਸਵਿੰਦਰ ਕੌਰ ਜੀ ਧਾਲੀਵਾਲ ਫੋਨ ਨੰ: 01822-43402 ਨੂੰ ਨੋਟ ਕਰਾ ਦੇਣ।

3. ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਲੜੀਵਾਰ ਸਰੂਪ ਤੋਂ ਸ਼ੁੱਧ ਪਾਠ ਸਾਹਿਬ ਸੁਨਾਉਣ ਵਾਲੇ ਬੱਚਿਆ ਨੂੰ ਖਾਸ ਇਨਾਮ ਦਿੱਤੇ ਜਾਣਗੇ।

(ਬਾਕੀ ਦਾ ਪ੍ਰੋਗਰਾਮ ਅੰਦਰਲੇ ਪੰਨੇ ਤੇ...)



www.AKJ.Org